ELIZABETH DEUX, par la grâce de Dieu, Reine du Royaume-Uni, du Canada et de ses autres royaumes et territoires, Chef du Commonwealth, Défenseur de la Foi, à



Jagdeep Singh Masoun

HEREBY appointed an Officer
In Her Majesty's Canadian Armed Forces
With Seniority of the 1st day of January 1999

WE, reposing especial Trust and Confidence in your Loyalty, Courage and Integrity, do by these Presents Constitute and Appoint you to be an Officer in our Canadian Armed Forces. You are therefore carefully and diligently to discharge your Duty as such in the rank of Second Lieutenant or in such other Rank as We may from time to time hereafter be pleased to promote or appoint you to, and you are in such manner and on such occasions as may be prescribed by Us to exercise and well discipline both the Inferior Officers and Non Commissioned Members serving under you and use your best endeavour to keep them in good Order and Discipline. And We do hereby Command them to Obey you as their Superior Officer, and you to observe and follow such Orders and Directions as from time to time you shall receive from Us, or any other your Superior Officer according to Law, in pursuance of the Trust hereby reposed in you.

IN WITNESS WHEREOF Our Governor General of Canada hath hereunto set his hand and Seal at Our Government House in the City of Ottawa this second day of July in the Year of Our Lord One Thousand Nine Hundred and Ninety Nine and in the Forty-eighth Year of Our Reign.

BY COMMAND OF
HIS EXCELLENCY THE GOVERNOR GENERAL

MINISTER OF NATIONAL DEFENCE

Nommé PAR LES PRÉSENTES, officier
des Forces armées canadiennes de Sa Majesté
Avec droit d'ancienneté à compter du 1er jour de janvier 1999

NOUS, mettant une confiance particulière en votre loyauté, courage et bonne conduite, vous constituons et nommons, par les présentes, officier de Nos Forces armées canadiennes. Conséquemment, vous devrez remplir avec soin et diligence votre devoir en tant que tel, au grade de Sous-lieutenant ou à tout autre grade auquel, de temps à autre, il pourra Nous plaire, par la suite, de vous promouvoir ou nommer, et vous devrez, de la façon et dans les circonstances que Nous pourrons prescrire, former et discipliner, en vue de leurs fonctions militaires, les officiers subalternes et les militaires du rang servant sous vos ordres, et vous employer de votre mieux à les maintenir en bon ordre et discipline. Et Nous leur ordonnons, par les présentes, de vous obéir en tant que leur officier supérieur, et, à vous, d'observer et d'exécuter les ordres et instructions que vous recevrez, de temps à autre, de Nous ou de votre officier supérieur, quel qu'il soit, selon la Loi, en raison de la confiance mise, par les présentes, en vous.

EN FOI DE QUOI, Notre Gouverneur général du Canada a signé et scellé les présentes, à Notre Hôtel du Gouvernement en la ville d'Ottawa, ce deuxième jour de juillet en l'an de grâce mil neuf cent quatre-vingt-dix-neuf et en quarante-huitième année de Notre règne.

PAR ORDRE DE
SON EXCELLENCE LE GOUVERNEUR GÉNÉRAL

MINISTRE DE LA DÉFENSE NATIONALE

ਪਹਿਲਾ ਸਾਬਤ-ਸੂਰਤ ਸਿੱਖ ਨੌਜਵਾਨ ਕੈਨੇਡੀਅਨ ਏਅਰ ਫੋਰਸ 'ਚ ਅਫਸਰ ਨਿਯੁਕਤ

- ਪ੍ਰੋਫੈਸਰ ਹਰਦਿਆਲ ਸਿੰਘ ਔਲਖ -

ਲਗਦਾ ਹੈ ਅਜੋਕਾ ਸਮਾਂ ਕੈਨੇਡਾ ਵਿਚਲੇ ਸਿੱਖ ਆਵਾਸੀਆਂ ਲਈ ਵਾਕਈ ਮਾਅਰਕੇ ਅਤੇ ਮੱਲਾਂ ਮਾਰਨ ਦਾ ਸਮਾਂ ਹੀ ਹੈ। ਅਜੇ ਕੁਝ ਹੀ ਮਹੀਨੇ ਪਹਿਲਾਂ, ਸਿੱਖ ਭਾਈਚਾਰੇ ਨੇ ਕੈਨੇਡਾ ਦੇ ਰਾਜਨੀਤਿਕ ਪਿੜ ਵਿਚ ਪਹਿਲੀ ਇਤਿਹਾਸਿਕ ਮੱਲ ਮਾਰੀ, ਜਦ ਸ.ਉਜਲ ਸਿੰਘ ਦੁਸਾਂਝ ਨੂੰ ਬਤੌਰ ਬ੍ਰਿਟਿਸ਼ ਕੋਲੰਬੀਆ ਦੇ ਪ੍ਰੈਮੀਅਰ ਸੁਸ਼ੋਭਿਤ ਕੀਤਾ ਗਿਆ ਸੀ। ਅਤੇ ਹੁਣ ਕੁਝ ਹੀ ਦਿਨ ਪਹਿਲਾਂ, ਇੱਕ ਹੋਰ ਇਤਿਹਾਸਿਕ ਮਾਅਰਕਾ ਮਾਰਿਆ ਗਿਆ, ਜਦ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸ਼ਰਨਬੀ ਵਿਖੇ ਕੈਨੇਡੀਅਨ ਏਅਰ ਫੋਰਸ ਦੇ ਇੱਕ ਵਿਸ਼ੇਸ਼ ਸਮਾਗਮ ਰਾਹੀਂ ਕੈਨੇਡੀਅਨ ਇਤਿਹਾਸ ਦੇ ਸਭ ਤੋਂ ਪਹਿਲੇ ਸਾਬਤ-ਸੂਰਤ ਸਿੱਖ ਨੌਜਵਾਨ, ਜਗਦੀਪ ਸਿੰਘ ਮਸੌਣ ਨੂੰ ਕਵੀਨ'ਜ਼ ਕਮਿਸ਼ੰਡ ਆਫਿਸਰ - ਸੈਕੰਡ ਲੈਫਟਿਨੰਟ - ਦਾ ਰੈਂਕ ਪ੍ਰਦਾਨ ਕੀਤਾ ਗਿਆ।

ਵੈਨਕੂਵਰ ਤੋਂ ਛਪਣ ਵਾਲੇ ਪੰਜਾਬੀ ਅਖਬਾਰ, 'ਸੰਘਰਸ਼', ਦੇ ਪ੍ਰਕਾਸ਼ਕ ਅਤੇ ਸੰਪਾਦਕ, ਸ. ਸੁਖਦੇਵ ਸਿੰਘ ਮਸੌਣ 'ਦਰਦੀ' ਅਤੇ ਬੀਬੀ ਬਲਵਿੰਦਰ ਕੌਰ ਦਾ ਹੋਣਹਾਰ ਬੇਟਾ, ਜਗਦੀਪ ਸਿੰਘ ਵੈਨਕੂਵਰ ਦਾ ਹੀ ਜਮਪਲ ਹੈ, ਜਿਸ ਨੂੰ ਅਨੁਸ਼ਾਸ਼ਨ ਅਤੇ ਸਿੱਖੀ ਕਦਰਾਂ-ਕੀਮਤਾਂ ਦੀ

Cont'd Page 15

Second Lieutenant Jagdeep Singh Masoun, middle, flanked by his parents and Major Sven Raun, extreme left and Captain David Morier, extreme right.
PHOTO BY CHANDRA BODALIA

From Page 14

ਗੁੜ੍ਹਤੀ ਵਿਰਸੇ 'ਚ ਹੀ ਮਿਲੀ ਜਾਪਦੀ ਹੈ। ਇਸ ਦੇ ਦਾਦਾ ਜੀ ਮਰਹੂਮ ਸ. ਪ੍ਰੀਤਮ ਸਿੰਘ ਜੀ ਆਪਣੇ ਸਮੇਂ ਦੇ ਬੜੇ ਹੀ ਨੇਕ ਇਨਸਾਨ ਅਤੇ ਦਿਆਨਤਦਾਰ ਪੁਲਿਸ ਅਫਸਰ ਸਨ। ਦਾਦੀ ਜੀ, ਬੀਬੀ ਵਿਦਿਆ ਕੌਰ ਜੀ, ਬੇਹੱਦ ਖੁਸ਼ ਹਨ ਕਿ ਉਨ੍ਹਾਂ ਦਾ ਪੋਤਾ ਆਪਣੇ ਬਜ਼ੁਰਗਾਂ ਦੇ ਨਕਸ਼-ਏ-ਕਦਮ 'ਤੇ ਚੱਲਦਾ ਹੋਇਆ ਨਾ ਕੇਵਲ ਸਿੱਖ ਜਗਤ ਦਾ ਹੀ, ਬਲਕਿ ਦਸਮ ਪਿਤਾ ਦੇ ਖਾਲਸਾ ਪੰਥ ਦਾ ਵੀ ਨਾਂ ਰੋਸ਼ਨ ਕਰ ਰਿਹਾ ਹੈ।

ਜਗਦੀਪ ਸਿੰਘ ਅਜਕਲ ਬਰਨਬੀ ਵਿੱਚ ਹੀ ਰੌਇਅਲ ਕੈਨੇਡੀਅਨ ਏਅਰ ਕਅਡੈਟ ਦੀ 637 ਐਰੋ ਸਕਵੌਡਰਨ ਵਿੱਚ ਬਤੌਰ ਸੈਕੰਡ ਲੈਫਟਿਨੰਟ ਆਪਣਾ ਕਾਰਜ-ਭਾਰ ਸੰਭਾਲ ਰਿਹਾ ਹੈ। ਯਾਦ ਰਹੇ ਏਅਰ ਕਅਡੈਟ ਕੈਨੇਡਾ ਦੀ ਨੌਜਵਾਨ ਪੀੜ੍ਹੀ ਨੂੰ ਰੋਜ਼ਮੱਰਾ ਜੀਵਨ ਨਾਲ ਸੰਬੰਧਤ ਕਈ ਮੌਕੇ ਪ੍ਰਦਾਨ ਕਰਦਾ ਹੈ, ਜਿਵੇਂ ਕਿ ਲੀਡਰਸ਼ਿਪ, ਸਿਟਿਜ਼ਨਸ਼ਿਪ, ਸਭਿਆਚਾਰ, ਸਰਵਾਇਵਲ ਢੰਗ-ਤਰੀਕੇ, ਅਤੇ ਪ੍ਰਭਾਵਸ਼ਾਲੀ ਭਾਸ਼ਣ ਦੇਣ ਦੀ ਟ੍ਰੇਨਿੰਗ ਆਦਿ। ਮਿਲਿਟਰੀ ਬੇਸ ਅਤੇ ਟ੍ਰੇਨਿੰਗ ਕੈਂਪਾਂ ਦੇ ਟੂਅਰ ਵੀ ਲਗਵਾਏ ਜਾਂਦੇ ਹਨ। ਖਾਸ ਤੌਰ ਤੇ, ਗਰਮੀਆਂ ਦੇ ਕੈਂਪਾਂ ਦੌਰਾਨ ਗਲਾਈਡਰ ਏਅਰਕ੍ਰਾਫਟ ਚਲਾਉਣ ਦੀ ਟ੍ਰੇਨਿੰਗ ਰਾਹੀਂ ਪਾਇਲਟ ਬਣਨ, ਅਤੇ, ਬਾਅਦ ਵਿੱਚ, ਕੈਨੇਡੀਅਨ ਏਅਰ ਫੋਰਸ 'ਚ ਭਰਤੀ ਹੋਣ ਦੇ ਆਹਲਾ ਮੌਕੇ ਵੀ ਮਿਲਦੇ ਹਨ।

1994 ਵਿਚ ਜਦ ਜਗਦੀਪ ਸਿੰਘ ਟਰਾਂਟੋ ਨੇੜੇ ਬੋਰਡਨ ਮਿਲਿਟਰੀ ਬੇਸ 'ਤੇ ਇੱਕ ਟ੍ਰੇਨਿੰਗ ਕੈਂਪ 'ਚ ਹਿੱਸਾ ਲੈ ਰਿਹਾ ਸੀ, ਤਾਂ ਸਾਬਤ-ਸੂਰਤ ਹੋਣ ਕਰਕੇ ਉਸ ਨੂੰ ਸਿੱਖ ਧਰਮ ਅਤੇ ਸਿੱਖੀ ਵਿਰਸੇ ਬਾਰੇ ਪੁੱਛੇ ਗਏ ਬਹੁਤ ਸਾਰੇ ਪ੍ਰਸ਼ਨਾਂ ਦਾ ਸਾਹਮਣਾ ਕਰਨਾ ਪਿਆ। ਸਵੈ-ਭਰੋਸੇ ਨਾਲ ਅਤੇ ਸਹੀ ਦਿਸ਼ਾ ਵਿੱਚ ਦਿੱਤੇ ਉਸ ਦੇ ਜੁਆਬਾਂ ਨੇ ਉਥੋਂ ਦੇ ਗੋਰਿਆਂ ਦੇ ਮਨ ਇੱਕ ਦਮ ਬਦਲ ਕੇ ਰੱਖ ਦਿੱਤੇ। ਦਰਅਸਲ ਜਦ ਜਗਦੀਪ ਸਿੰਘ 'ਸਰਬੱਤ ਦਾ ਭਲਾ' ਅਤੇ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ' ਜਿਹੇ ਸਿੱਖੀ ਸੰਕਲਪਾਂ ਦੀ ਗੱਲ ਕਰਦਾ ਹੈ, ਤਾਂ ਸਰੋਤੇ ਅਮੂਕ ਰਹਿ ਜਾਂਦੇ ਹਨ।

ਸਾਡੇ ਸਭ ਵਾਸਤੇ ਇਹ ਬੜੀ ਗੌਰਵਮਈ ਘਟਨਾ ਹੈ ਕਿ ਜਗਦੀਪ ਸਿੰਘ ਆਪਣੀ ਪਹਿਚਾਣ ਨੂੰ ਸੰਭਾਲਦਾ ਹੋਇਆ, ਕੈਨੇਡੀਅਨ ਮੁਖਧਾਰਾ ਵਿੱਚ ਸ਼ਾਮਿਲ ਹੋਇਆ ਹੈ। ਇੱਕ ਤਰ੍ਹਾਂ ਨਾਲ, ਮਹਾਰਾਣੀ ਇਲਿਜ਼ਬਥ ਨੇ ਨਾ ਕੇਵਲ ਸਮੂਚੀ ਸਿੱਖ ਕੌਮ ਨੂੰ ਹੀ ਸਨਮਾਨਿਤ ਕੀਤਾ ਹੈ, ਬਲਕਿ ਕੈਨੇਡਾ ਵਿਚਲੀ ਬਹੁ-ਸੰਸਕ੍ਰਿਤੀ ਅਤੇ ਭਿੰਨਤਾ ਦੇ ਸਿੱਧਾਂਤਾਂ ਨੂੰ ਵੀ ਬੜਾ ਭਾਰਾ ਪ੍ਰੋਤਸਾਹਨ ਪ੍ਰਦਾਨ ਕੀਤਾ ਹੈ।



ਅੰਤ ਵਿੱਚ, ਇਸ ਇਤਿਹਾਸਿਕ ਪ੍ਰਾਪਤ ਦੇ ਮੁਬਾਰਿਕ ਮੌਕੇ 'ਤੇ,ਅਦਾਰਾ 'ਪੰਜਾਬੀ ਪੱਤ੍ਰਿਕਾ', ਐਬਟਸਫੋਰਡ, ਬੀ. ਸੀ., ਜਗਦੀਪ ਸਿੰਘ ਅਤੇ ਉਸ ਦੇ ਸਮੁੱਚੇ ਪਰਿਵਾਰ ਨੂੰ ਹਾਰਦਿਕ ਵਧਾਈ ਦਿੰਦਾ ਹੋਇਆ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਜਗਦੀਪ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀਕਰਦਾ ਹੋਈਆ ਸਮੁੱਚੀ ਇੰਡੋ-ਕੈਨੇਦੀਅਨ ਨੌਜਵਾਨ ਪੀੜ੍ਹੀ ਵਾਸਤੇ ਚਾਨਣ-ਮੁਨਾਰੇ ਦਾ ਕੰਮ ਦਿੰਦਾ ਰਹੇ।

ਨੋਟ: ਕੋਈ ਵੀ ਜ਼ਰੂਰੀ ਜਾਣਕਾਰੀ ਹਾਸਿਲ ਕਰਨ ਲਈ ਟੈਲੀਫੋਨ ਨੰ. (604)438-1420 ਤੇ ਸੈਕੰਡ ਲੈਫਟਿਨੰਟ ਜਗਦੀਪ ਸਿੰਘ ਮਸੌਣ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

Open for Sunday Brunch
SAVOY RESTAURANT
HWY. 1 TO VANCOUVER
SOUTH FRASER WAY
WE ARE HERE
SAVOY RESTAURANT
31549 South Fraser Way, Abbotsford
Banquet facilities for 20-90 people.
Full Buffet
Full Continental Menu
Fully Licensed
VISA
Hours:
Monday-Thursday 11:30 am -10:00 pm
Friday 11:30 am- 11:00 pm
Saturday 4:30 pm - 11:00 pm
Sunday 4:30 pm - 11:00 pm
Reservations recommended • Tel: 852-6799

ਘੰਟਿਆਂ ਤੇ ਕੰਮ ਦੀ ਭਾਲ ਵਿੱਚ ਹੋ?
ਕੈਨਰੀ ਵਰਕਰਾਂ ਦੀ ਜ਼ਰੂਰਤ
ਜੀ ਹਾਂ, ਐਬਟਸਫੋਰਡ, ਵਿੱਚ ਘੰਟੇ ਤੇ ਕੰਮ ਕਰਨ ਵਾਲਿਆਂ ਦੀ ਲੋੜ ਹੈ। ਬਲੂਬੇਰੀ, ਕਰੈਨਬੇਰੀ ਤੋੜਨ ਲਈ ਵੀ ਵਰਕਰਾਂ ਦੀ ਲੋੜ ਹੈ। ਤਜ਼ਰਬੇਕਾਰ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ। ਕੈਨਰੀ ਵਰਕਰਾਂ ਦੀ ਵੀ ਜ਼ਰੂਰਤ ਹੈ। ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਕੀਤੇ ਕੰਮ ਦੀਆਂ ਯੂ.ਆਈ.ਸੀ ਸਟੈਂਪਾਂ ਦਿੱਤੀਆਂ ਜਾਣਗੀਆਂ। ਸਟੈਡੀ ਕੰਮ ਲਈ ਅੱਜ ਹੀ ਆਪਣਾ ਨਾਮ ਲਿਖਾਓ।
(ਇਹ ਸੂਚਨਾ ਜਿ੮੍ਮੀਦਾਰ ਵਲੋਂ ਹੈ)
ਵੈਸਟਬੇਰੀ ਫਾਰਮਜ਼
WESTBERRY FARMS
34488, Bateman Rd. Abbotsford
ਹੋਰ ਜਾਣਕਾਰੀ ਲਈ ਫੋਨ ਕਰੋ:
850-0944 Fax:855-1625

ਸਵੈਮਾਨ
ਬੱਚਿਆ ਵਿੱਚ ਸਵੈ-ਸਤਿਕਾਰ ਵਧਾਉਣ ਲਈ ਸਹਾਇਕ 15 ਨੁਕਤੇ

1. ਬੱਚਿਆਂ ਨੂੰ ਇਨਾਮ ਦਿਉ। ਚੰਗਾ ਕੰਮ ਕਰਨ ਤੇ ਉਨ੍ਹਾਂ ਦੀ ਸ਼ਲਾਘਾ ਕਰੋ, ਮਾਨਤਾ ਦਿਉ, ਵਧੇਰੇ ਜ਼ੁੰਮੇਵਾਰੀ ਸੌਂਪੋ ਜਾਂ ਕੋਈ ਵਿਸ਼ੇਸ਼ ਅਧਿਕਾਰ ਦਿਉ। ਜੋ ਕੁਝ ਉਹ ਚੰਗਾ ਕਰਦੇ ਹਨ ਉਸ ਤੇ ਬਲ ਦਿਉ, ਉਨ੍ਹਾਂ ਦੇ ਭੈੜੇ ਕੰਮਾਂ ਉਪਰ ਜ਼ੋਰ ਨਾ ਦਿਉ।

2. ਉਨ੍ਹਾਂ ਦੇ ਵਿਚਾਰਾਂ, ਵਲਵਲਿਆਂ ਅਤੇ ਭਾਵਨਾਵਾਂ ਵਲ ਗੰਭੀਰਤਾ ਨਾਲ ਧਿਆਨ ਦਿਉ।

3. ਸੀਮਾਵਾਂ ਅਤੇ ਨਿਯਮਾਂ ਨੂੰ ਸਪਸ਼ਟ ਕਰੋ ਅਤੇ ਇੰਨਾਂ ਨੂੰ ਲਾਗੂ ਕਰੋ। ਇੰਨਾਂ ਸੀਮਾਵਾਂ ਦੇ ਅੰਦਰ ਬਚਿਆਂ ਲਈ ਗੁੰਜਾਇਸ਼ ਰਖੋ।

4. ਆਪ ਚੰਗੀ ਉਦਾਹਰਣ ਬਣੋ। ਆਪਣੇ ਬੱਚਿਆਂ ਨੂੰ ਦਸੋ ਕਿ ਤੁਸੀਂ ਆਪਣੇ ਬਾਰੇ ਚੰਗਾ ਸੋਚਦੇ ਹੋ। ਉਨ੍ਹਾਂ ਨੂੰ ਜਾਨਣ ਦਿਉ ਕਿ ਤੁਸੀਂ ਵੀ ਗਲਤੀ ਕਰ ਸਕਦੇ ਹੋ ਅਤੇ ਉਨ੍ਹਾਂ ਗਲਤੀਆਂ ਤੋਂ ਸਬਕ ਸਿਖ ਸਕਦੇ ਹੋ।

5. ਆਪਣੇ ਬੱਚਿਆਂ ਨੂੰ ਸਿਖਾਓ ਕਿ ਉਹ ਆਪਣੇ ਪੈਸੇ ਅਤੇ ਸਮੇਂ ਦੀ ਸੰਭਾਲ ਕਿਵੇਂ ਕਰਨ। ਸਮੇਂ ਅਤੇ ਪੈਸੇ ਨੂੰ ਸਿਆਣਪ ਨਾਲ ਵਰਤਣਾ ਸਿਖਾਓ।

6. ਆਪਣੇ ਬੱਚਿਆਂ ਲਈ ਵਾਜਬ ਆਸ਼ਾਵਾਂ ਰਖੋ। ਪ੍ਰਾਪਤ ਕਰਨ ਯੋਗ ਟੀਚੇ ਮਿਥਨ ਵਿੱਚ ਉਨ੍ਹਾਂ ਦੀ ਸਹਾਇਤਾ ਕਰੋ ਤਾਂ ਜੋ ਉਹ ਸਫਲਤਾ ਪ੍ਰਾਪਤ ਕਰ ਸਕਣ।

7. ਵੱਖਰੀਆਂ ਕਦਰਾਂ ਕੀਮਤਾਂ, ਵੱਖਰੇ ਪਿਛੋਕੜ ਅਤੇ ਮਾਪ-ਦੰਡ ਰੱਖਣ ਵਾਲਿਆਂ ਵਲ ਸਹਿਨਸ਼ੀਲ ਹੋਣ ਲਈ ਬੱਚਿਆਂ ਦੀ ਸਹਾਇਤਾ ਕਰੋ। ਦੂਸਰੇ ਲੋਕਾਂ ਦੇ ਗੁਣ ਉਨ੍ਹਾਂ ਨੂੰ ਦਸੋ।

8. ਆਪਣੇ ਬੱਚਿਆਂ ਨੂੰ ਜ਼ੁੰਮੇਵਾਰੀ ਦਿਉ। ਉਹ ਆਪਣੇ ਆਪ ਨੂੰ ਲਾਭਦਾਇਕ ਅਤੇ ਗੁਣਵਾਨ ਅਨੁਭਵ ਕਰਨਗੇ।

9. ਸੁਲਭ ਰਹੋ। ਜਦੋਂ ਬੱਚਿਆਂ ਨੂੰ ਲੋੜ ਹੋਵੇ, ਸਹਾਰਾ ਦਿਉ।

10. ਉਨ੍ਹਾਂ ਨੂੰ ਅਨੁਭਵ ਕਰਵਾਓ ਕਿ ਜੋ ਉਹ ਕਰਦੇ ਹਨ ਤੁਹਾਡੇ ਲਈ ਮਹੱਤਵਪੂਰਨ ਹੈ। ਉਨ੍ਹਾਂ ਦੀਆਂ ਸਰਗਰਮੀਆਂ ਅਤੇ ਦਿਲਚਸਪੀਆਂ ਬਾਰੇ ਉਨ੍ਹਾਂ ਨਾਲ ਗਲਬਾਤ ਕਰੋ। ਉਨ੍ਹਾਂ ਦੀਆਂ ਖੇਡਾਂ ਵੇਖਣ ਜਾਓ, ਮਾਪਿਆਂ ਦੇ ਦਿਨ ਸਕੂਲ ਜਾਓ, ਨਾਟਕ ਪ੍ਰਸਤੁਤੀ ਵੇਲੇ ਅਤੇ ਇਨਾਮ-ਵੰਡ ਸਮਾਗਮਾਂ ਵਿੱਚ ਸ਼ਾਮਿਲ ਹੋਵੋ।

11. ਆਪਣੀਆਂ ਕਦਰਾਂ ਕੀਮਤਾਂ ਦੱਸੋ ਪਰ "ਇਹ ਕਰੋ" ਜਾਂ "ਮੈਂ ਚਾਹੁੰਦਾ ਹਾਂ ਤੁਸੀਂ ਇਹ ਕਰੋ" ਤੋਂ ਅੱਗੇ ਵਧੋ। ਆਪਣੀਆਂ ਕਦਰਾਂ ਕੀਮਤਾਂ ਨੂੰ ਨਿਰਧਾਰਿਤ ਕਰਨ ਵਾਲੇ ਅਨੁਭਵਾਂ ਅਤੇ ਵਿਸ਼ਵਾਸ਼ਾਂ ਨੂੰ ਸਵੀਕਾਰ ਕਰਨ ਲਈ ਕੀਤੇ ਗਏ ਆਪਣੇ ਫੈਸਲਿਆਂ ਅਤੇ ਆਪਣੀਆਂ ਭਾਵਨਾਵਾਂ ਪਿੱਛੇ ਕੰਮ ਕਰਨ ਵਾਲੇ ਕਾਰਨਾਂ ਦਾ ਵਰਨਣ ਕਰੋ।

12. ਇਕੱਠੇ ਸਮਾਂ ਬਿਤਾਓ। ਮਨਭਾਉਂਦੀਆਂ ਸਰਗਰਮੀਆਂ ਸਾਂਝੀਆਂ ਕਰੋ।

13. ਬੱਚੇ ਦੇ ਚਾਲ ਚਲਨ ਤੇ ਟਿਪਨੀ ਕਰਨ ਅਤੇ ਦੋਸ਼ ਲਾਉਣ ਤੋਂ ਬਿਨ੍ਹਾਂ ਸਮੱਸਿਆਵਾਂ ਦੀ ਚਰਚਾ ਕਰੋ। ਜੇ ਬੱਚਿਆਂ ਨੂੰ ਪਤਾ ਲਗੇ ਕਿ ਕੋਈ ਸਮੱਸਿਆ ਹੈ ਪਰ ਉਹ ਮਹਿਸੂਸ ਨਹੀਂ ਕਰਦੇ ਤਾਂ ਸੰਭਾਵਨਾ ਹੈ ਕਿ ਕੋਈ ਹੱਲ ਲਭੱਣ ਵਿੱਚ ਸਹਾਇਕ ਹੋ ਸਕਣ।

14. ਸਵੈ-ਮਾਨ ਬਨਾਉਣ ਵਾਲੇ ਵਾਕ ਵਰਤੋ ਜਿਵੇਂ "ਤੁਹਾਡੀ ਸਹਾਇਤਾ ਲਈ ਧੰਨਵਾਦ" ਜਾਂ "ਇਹ ਬਹੁਤ ਵਧੀਆ ਵਿਚਾਰ ਹੈ।" ਸਵੈਮਾਨ ਉਪਰ ਸੱਟ ਮਾਰਨ ਵਾਲੇ ਸ਼ਬਦਾਂ ਤੋਂ ਬਚੋ ਜਿਵੇਂ "ਤੂੰ ਇੰਨਾ ਮੂਰਖ ਕਿਉਂ ਹੈ?" "ਮੈਂ ਤੈਨੂੰ ਕਿੰਨੀ ਵਾਰ ਦੱਸ ਚੁੱਕਿਆ ਹਾਂ" ਆਦਿ।

15. ਵਿਖਾਓ ਕਿ ਤੁਸੀਂ ਉਨ੍ਹਾਂ ਦਾ ਕਿੰਨਾ ਧਿਆਨ ਰਖਦੇ ਹੋ। ਉਨ੍ਹਾਂ ਨੂੰ ਗਲਵਕੜੀ ਵਿੱਚ ਲਵੋ। ਉਨ੍ਹਾਂ ਨੂੰ ਕਹੋ ਕਿ ਉਹ ਬਹੁਤ ਵਧੀਆ ਹਨ ਅਤੇ ਤੁਸੀਂ ਉਨ੍ਹਾਂ ਨੂੰ ਪਿਆਰ ਕਰਦੇ ਹੋ।

OFFICE SPACE AVAILABLE FOR RENT

In Abbotsford 13,000 sq.ft space available in a brand new building. Will be ready end of this summer. 4 Punjabi doctors, 1 Punjabi Dentist, 1 Punjabi Pharmacist, 1 Punjabi Physiotherapy will be in the building. High traffic area.

For more information, please call Jasbir Manku at 852-5758.

ਆਫਿਸ ਜਗ੍ਹਾ ਕਿਰਾਏ ਲਈ ਖਾਲੀ

ਐਬਟਸਫੋਰਡ ਵਿੱਚ ਨਵੀਂ ਬਿਲਡਿੰਗ ਵਿੱਚ 13,000 ਸੁਕੇਅਰ ਫੁੱਟ ਜਗ੍ਹਾ ਕਿਰਾਏ ਲਈ ਖਾਲੀ ਹੈ ਜੋ ਕਿ ਬਹੁਤ ਜਲਦੀ ਤਿਆਰ ਹੋਣ ਵਾਲੀ ਹੈ। 4 ਪੰਜਾਬੀ ਡਾਕਟਰ, 1 ਪੰਜਾਬੀ ਡੈਂਟਿਸਟ, 1 ਪੰਜਾਬੀ ਫਾਰਮਾਸਿਸਟ, 1 ਪੰਜਾਬੀ ਫਿਜ਼ੀਉਥੈਰਪਿਸਟ ਇਸ ਬਿਲਡਿੰਗ ਵਿੱਚ ਹੋਣਗੇ। ਬਹੁਤ ਹੀ ਵਧੀਆ ਲੋਕੇਸ਼ਨ ਹੈ।

ਹੋਰ ਜਾਣਕਾਰੀ ਲਈ ਜਸਬੀਰ ਮਾਨਕੂ ਨੂੰ 852-5758 ਤੇ ਫੋਨ ਕਰੋ।

PATWARI PRESSURE WASHING

Spring Cleaning has begun!

- Siding/ਸਾਇਡਿੰਗ
- Sidewalks/ਸਾਈਡਵਾਕ
- Windows/ਖਿੜਕੀਆਂ
- Stucco/ਸਟੱਕੋ
- Gutters/ਗਟਰ
- Driveways/ਡਰਾਇਵ-ਵੇਅ
- Fences/ਫੈਂਸ

CALL PATWARI
852-4940
CELL: 309-9496

Let us clean your high up areas
FREE ESTIMATES
DAYS/EVENINGS/ WEEKENDS

ਪਟਵਾਰੀ ਪ੍ਰੈਸ਼ਰ ਵਾਸ਼ਿੰਗ

ਖੇਤੀਂ ਪੈਲੀਆਂ ਦਾ ਨੂਰ, ਚੜੇ ਵੇਖ ਕੇ ਸਰੂਰ ਕੁੰਗੀ ਕੀੜਿਆਂ ਤੋਂ ਬਚੀ ਬਿਜ ਪਊ ਕੋਈ ਜਰੂਰ

ਕਰਨੈਲ ਸਿੰਘ "ਕੈਲ" (ਸਿਆਟਲ)

ਦੇਸ ਦੀਆਂ ਅਖਬਾਰਾਂ ਚੋਂ ਪੰਜਾਬ ਵਿੱਚ ਪੱਕੀਆਂ ਫਸਲਾਂ ਦੇ ਨੁਕਸਾਨ ਬਾਰੇ ਪੜਕੇ ਮਹਿਸੂਸ ਹੁੰਦਾ ਹੈ ਕਿ ਖੇਤੀ ਬਿਜਲੀ ਦੀਆਂ ਤਾਰਾਂ ਨਾਲ ਖੜੀਆਂ ਕਣਕਾਂ ਦੀਆਂ ਫਸਲਾਂ ਹੀ ਨਹੀਂ ਮੱਚ ਰਹੀਆਂ ਸਗੋਂ ਪੰਜਾਬ ਦਾ ਵਰਤਮਾਨ ਤੇ ਗਰੀਬ ਕਿਸਾਨਾਂ ਦੀ ਕਿਸਮਤ ਮੱਚ ਰਹੀ ਹੈ। ਖਦਸ਼ਾ ਇਹਹੈ ਕਿ ਪੰਜਾਬ 'ਚ ਹੀ ਕਿਉਂ ਇਹ ਭਾਣਾ ਵਰਤ ਰਿਹਾ ਹੈ? ਕੀ ਕਣਕ ਕੇਵਲ ਪੰਜਾਬ 'ਚ ਹੀ ਪੈਦਾਹੁੰਦੀ ਹੈ ਜਾਂ ਫਿਰ ਬਿਜਲੀ ਦੀਆਂ ਤਾਰਾਂ ਸਿਰਫ ਪੰਜਾਬ ਵਿਚੋਂ ਦੀ ਹੀ ਲੰਘਦੀਆਂ ਹਨ। ਖੁਦਾ ਨਾਂ ਕਰੇਕਿਤੇ ਇਹ ਵੀ ਕੋਈ ਸੈਂਟਰ ਸਰਕਾਰ ਜਾਂ ਬਹੁ-ਗਿਣਤੀ ਦੇ ਪੰਜਾਬ ਦੋਖੀ ਕਾਰਕੁਨਾਂ ਦੀ ਹੀ ਕਰਾਮਾਤ ਤਾਂ ਨਹੀਂ ਹੋ ਰਹੀ। ਕੁੱਝ ਗਰੀਬ ਕਿਸਾਨਾਂ ਦੀਆਂ ਖੜੀਆਂ ਫਸਲਾਂ ਸੜ ਗਈਆਂ ਤੇ ਕੁੱਜ ਕੁ ਦੀਆਂ ਮੰਡੀਆਂ ਵਿੱਚ ਬੋਲੀ ਖੁਣੋਂ ਰੁਲ ਰਹੀਆਂ ਹਨ ਤੇ ਮੀਹਾਂ 'ਚ ਭਿੱਜ ਰਹੀਆਂ ਹਨ। ਜੇਕਰ ਇਸ ਸਾਲ ਖੇਤੀਂ ਖੜੀਆਂ ਫਸਲਾਂ ਉਤੇ ਕੁਦਰਤ ਮਿਹਰਬਾਨ ਰਹੀ ਹੈ ਤਾਂ ਮੰਡੀਏ ਬੇਈਮਾਨ ਦਲਾਲਾਂ ਵਪਾਰੀਆਂ ਆੜਤੀਆਂ ਦੇ ਚੋਰ ਚਿੱਤ ਰਿਸ਼ਵਤੀ ਕੁੰਡੀਆਂ ਲਾ ਰਹੇ, ਬੇਬਸ ਕਿਸਾਨਾਂ ਨੂੰ ਬੋਲੀ ਲਗੱਣ ਲਈ ਤਰਸਾ ਰਹੇਹਨ। ਅਜਿਹੇ ਵਿਗੜੇ ਨਜਾਮ ਦੇ ਭਰਿਸ਼ਟ ਸਰਕਾਰੀ ਢਾਂਚੇ 'ਚ "ਰੱਬ ਦੀਆਂ ਰੱਖਾਂ" ਤੋਂ ਵੱਧ ਕਿਸੇ ਦੇ ਕੋਈ ਵੱਸ ਨਹੀਂ।

"ਖਬਰ" ਅਧਾਰਿਤ :-

ਕੁਦਰਤੀ ਆਫਤਾਂ ਸਿਆਸੀ ਧੱਕਿਆਂ ਅਤੇ ਫੁੱਟ ਤੋਂ ਘਾਇਲ ਪੰਜਾਬ ਬਾਰੇ ਚਿੰਤਤ ਵਿਚਾਰ

ਕਰਨੈਲ ਸਿੰਘ "ਕੈਲ" (ਸਿਆਟਲ)

ਜੰਗਾਂ ਯੁਧਾਂ 'ਚ ਜਨਮੇਂ ਉਜਾੜਿਆਂ ਬਖੇੜਿਆਂ 'ਚ ਰੁਲਦੇ ਘੁਲਦੇ ਜ਼ਿੰਦਾਦਿਲ ਬਹਾਦਰ ਪੰਜਾਬੀ ਆਪਣੇ ਜਖ਼ਮਾਂ ਵਲੋਂ ਕਸੀਸ ਵੱਟ ਕੇ ਬੜੇ ਗੌਰਵ ਨਾਲ ਗਾਉਂਦੇ :

"ਪੰਜਾਬ ਦੇ ਜੰਮਿਆਂ ਨੂੰ ਤਾਂ ਨਿੱਤ ਮੁਹਿੰਮਾਂ ਰਹੀਆਂ ਨੇ
ਇਹ ਕੋਈ ਅਤਿ ਕਥਨੀ ਨਹੀਂ ਲੋਕ ਜਾਣਦੇ ਸਾਰੇ"

ਪੰਜਾਬ ਦਾ ਇਤਿਹਾਸ ਭਾਵੇਂ ਛੋਟਾ ਪਰ ਵੱਡੇ ਵੱਡੇ ਅਭੁੱਲ ਘੱਲੂ ਘਾਰਿਆ ਘਟਨਾਵਾਂ ਅਤੇ ਯਾਦਗਾਰੀ ਵਿੱਲਖਣ ਤੱਥਾਂ ਭਰਪੂਰ ਹੈ। ਅਬਾਦੀ ਅਨੁਸਾਰ ਦੁਨੀਆਂ ਦੀ ਸਭ ਤੋਂ ਵੱਧ ਜਨ-ਗਿਣਤੀ "ਨਫਰੀ"ਵਾਲੇ ਮੁਲ ਹਿੰਦੁਸਤਾਨ ਨੂੰ ਪਾਲਣ ਵਾਲਾ ਛੋਟਾ ਜਿਹਾ ਮਿਹਨਤਕਸ਼ ਮੈਦਾਨੀ ਸੂਬਾ ਪੰਜਾਬ ਹਿੰਦੁਸਤਾਨ ਦੇਸ਼ ਵਲੋਂ ਸਭ ਤੋਂ ਵੱਧ ਮਤਰੇਏ ਸਲੂਕ ਦਾ ਸ਼ਿਕਾਰ ਹੁੰਦਿਆਂ ਵੀ ਆਪਣੇ ਹਿੰਮਤੀ ਉਦਮੀ ਸੁਭਾਅ ਸਦਕਾ ਸਭ ਤੋਂ ਵੱਧ ਨਿਹਾਲ ਖੁਸ਼ਹਾਲ ਰਿਹਾ ਤੇ ਹੁਣ ਤੱਕ "ਹਿੰਦੁਸਤਾਨ ਮੁੰਦਰੀ ਦੇ ਨਗ" ਵਜੋਂ ਜਾਣਿਆ ਜਾਂਦਾ ਹੈ। ਹੁਣ ਤੱਕ "ਜਿਵੇਂ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਹੀਉ,ਸੁਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਹੀਉ" ਕਹਿ ਕਹਿ ਕੇ ਗਾਇਆ ਤੇ ਨਸ਼ਿਆਇਆ ਜਾਣ ਵਾਲਾ ਪੰਜਾਬ ਅੱਜ ਕੁਮਲਾਇਆ ਤੇ ਮੁਰਝਾਇਆ ਕਿਉਂ ਦਿਸਦਾ ਹੈ। ਗੁਰਾਂ ਦੇ ਨਾਂਅ ਵਸਦੇ ਪੰਜਾਬ ਨੂੰ ਲੀਡਰਾਂ ਦੀ "ਫੁੱਟ ਤੇ ਲੁੱਟ" ਸਰਾਪ ਬਣ ਕੇ ਲਗਾਦੀ ਜਾਪਦੀ ਹੈ। ਗਰੀਬੀ ਦੀ ਸਤਾ ਤੋਂ ਬੋਲੇ ਨੂੰ ਜਾ ਰਹੀ ਪੰਜਾਬ ਦੀ ਹਾਲਤ ਪੰਜਾਬੀਆਂ ਦੇ ਉਤਸ਼ਾਹਾਂ ਨੂੰ ਨਿਰਾਸ਼ਤਾ ਤੇ ਸੰਸੇ ਆਤਮਘਾਤੀ ਸ਼ਮਸ਼ਾਨਾਂ ਵੱਲ ਨੂੰ ਧੂਈ ਜਾਂਦੇ ਹੈ। ਹਲਾਤਾਂ ਨੂੰ ਸਮਝਦਿਆਂ ਹਰ ਪੰਜਾਬ ਦੇ ਜਾਏ ਦਾ ਫਰਜ਼ ਹੈ ਕਿ ਪੰਜਾਬ ਦੇ ਭਵਿੱਖ ਬਾਰੇ ਫਿਕਰ ਦਾ ਜ਼ਿਕਰ ਕਰਦਾ ਸੱਚ ਸਮੇਂ ਦੀ ਹਿੱਕ ਉਤੇ ਉਲੀਕੇ।

1947 ਦੀ ਦੇਸ਼ ਦੀ ਵੰਡ ਸਮੇਂ ਪੰਜਾਬੀ ਸਿੱਖਾਂ ਦੀਆਂ ਜੈਦਾਤਾਂ ਦਾ ਉਜਾੜਾ ਇੱਜ਼ਤਾਂ ਦਾ ਉਧਾਲਾ ਅਤੇ ਜਾਨੀ ਵੱਢ ਟੁੱਕ ਕਤਲੇਆਮ ਹੋਇਆ। ਬੇਈਮਾਨ ਲੀਡਰਾਂ ਦੀ ਗਲਤੀ ਨਿਰਦੋਸ਼ ਲੋਕਾਂ ਨੇ ਘਰ-ਬਾਰ, ਬਾਲ-ਬੱਚੇ ਗੁਆਕੇ ਰੱਬ ਦੇ ਭਾਣੇ ਵਾਂਗ ਮੰਨ ਕੇ ਸਬਰ ਕਰ ਲਿਆ। ਇਸ ਉਪਰੰਤ ਪੰਜਾਬ ਕਈ ਵਾਰ ਹੜਾਂ, ਸੋਕੇ, ਹੈਜਾ, ਪਲੈਗ ਵਰਗੀਆਂ ਨਾਮੁਰਾਦ ਆਫੜਾਂ ਦੀ ਲਪੇਟ 'ਚ ਗਿਆ ਆਪਣੇ ਧਰਮੀ ਕਰਮੀ ਪੰਜਾਬੀ ਫੇਰ ਵੀ ਅਡੋਲ ਰਹੇ। ਉਸ ਉਪਰੰਤ 1962-1965-1972 ਦੀਆਂ ਚੀਨ ਪਾਕਿਸਤਾਨ ਨਾਲ ਜੰਗਾਂ ਹੋਈਆਂ ਉਹ ਵੀ ਲੀਡਰਾਂ ਦੀਆਂ ਮਹਿਜ਼ ਗਲਤੀਆਂ ਕਰਕੇ। ਇਨ੍ਹਾਂ ਜੰਗਾਂ ਵਿੱਚ ਵੀ ਸਭ ਤੋਂ ਵੱਧ ਬੋਝ ਸੋਗ ਤੇ ਨੁਕਸਾਨ ਪੰਜਾਬ ਸਿਰ ਹੀ ਪਿਆ। ਅਜਾਦੀ ਦੀ ਲੜਾਈ ਵਾਂਗ 80 ਪ੍ਰਤੀਸ਼ਤ ਸ਼ਹੀਦੀਆਂ ਪੰਜਾਬੀ ਸੂਰਮਿਆਂ ਦੀਆਂ ਹੋਈਆਂ। ਪੰਜਾਬੀਆਂ ਆਪਣੇ ਉਚੇ ਅਡੋਲ ਗੌਰਵ ਦੀਆਂ ਬੁਲੰਦੀਆਂ ਵਿੱਚ ਸ਼ਹੀਦ ਫੌਜੀਆਂ ਦੇ ਪ੍ਰਵਾਰਾਂ ਦੇ ਦੁੱਖ ਵੰਡ ਲਏ, ਵਿਧਵਾਵਾਂ ਫੌਜਣਾਂ ਦੇ ਹੰਝੂ "ਦੇਹ ਸ਼ਿਵਾ ਵਰ ਮੋਹੇ ਅਤੇ ਬੋਲੇ ਸੋ ਨਿਹਾਲ ਦੇ ਨਾਹਰਿਆਂ ਜੈਕਾਰਿਆਂ ਨੇ ਸੋਕ ਲਏ। ਇਸ ਉਪਰੰਤ ਪੰਜਾਬ ਚਿੰਟੇ ਤੇ ਹਰੇ ਇਨਕਲਾਬ ਦੇ ਖੁਸ਼ਹਾਲ ਰਾਹੀਂ ਬੜੇ ਜੋਸ਼ ਖਰੋਸ਼ ਨਾਲ ਤੁਰਿਆ। ਪੰਜਾਬ ਦਾ ਆਤਮ ਸਵੈਮਾਨ ਉਤਰਦਾ ਵੇਖ ਕੇ ਸੈਂਟਰ ਬਦਨੀਤ ਹੋ ਗਿਆ ਹਰ ਪੱਖੋਂ ਪੰਜਾਬ ਨਾਲ ਕਾਣੀ ਵੰਡ ਸ਼ੁਰੂ ਹੋ ਗਈ। ਅਜ਼ਾਦੀ ਸਮੇਂ ਪੰਜਾਬ ਮੋਹਰੀਆਂ ਨਾਲ ਨਹਿਰੂ ਗਾਂਧੀ ਪਟੇਲ ਵਲੋਂ ਕੀਤੇ ਵਾਅਦੇ ਅਜਾਦੀ ਮਿਲਣ ਸਾਰ ਖੱਟੇ ਪੈ ਗਏ ਸਨ। ਜਿੰਨ੍ਹੀ ਦਿਨੀਂ ਦੇਸ਼ ਵਿੱਚ ਐਮਰਜੈਂਸੀ ਲੱਗੀ ਸਭ ਤੋਂ ਵੱਧ ਜੇਲ੍ਹਾਂ ਪੰਜਾਬੀਆਂ ਨੇ ਭਰੀਆਂ। ਪੰਜਾਬੀ ਸਿੱਖਾਂ ਦੀ ਦਲੇਰੀ ਏਕਤਾ ਨਿਡਰਤਾ ਵੇਖ ਕੇ ਸੈਂਟਰਨੇ ਪੰਜਾਬੀ ਲੀਡਰਾਂ ਨੂੰ ਪਾੜ ਕੇ, ਭੁਚਲਾ ਕੇ, ਕੁਰਾਹੇ ਪਾ ਪਾ ਕੇ ਰੋਲਣਾ ਸ਼ੁਰੂ ਕੀਤਾ ਜਿਵੇਂ ਪੰਜਾਬੀ ਸੂਬੇ ਦੀ ਮੰਗ ਉਭਰੀ ਤਾਂ ਵੰਟੇ-ਸੱਟੇ ਕਰਕੇ ਨਾਲੇ ਪੰਜਾਬ ਦੀਆਂ ਭੁਜਾਵਾਂ ਛਾਂਗ ਦਿੱਤੀਆਂ ਨਾਲੇ ਪਾਣੀ ਬਿਜਲੀ ਲੁੱਟ ਲਏ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਰੇੜਕੇ ਲਮਕਾ ਦਿਤੇ। ਹੁਣ ਜਦੋਂ ਵੀ ਕਦੇ ਪੰਜਾਬੀ ਉਨ੍ਹਾਂ ਮਸਲਿਆਂ ਨੂੰ ਨਜਿੱਠਣ ਦੀ ਗੱਲ ਤੋਰਦੇ ਹੈ ਵਿਚੋਂ ਹੀ ਨੂੰਹਿਆਂ ਵਾਂਗ "ਕਦੇ ਇੰਟਰਨੈਸ਼ਨਲ ਏਅਰਪੋਰਟ, ਕਦੋਂ ਖਾਦ ਜਾਂ ਤੇਲ ਸੋਧਣ ਦੇ ਕਾਰਖਾਨੇ, ਕਦੇ ਅਨੰਦਗੜ੍ਹ ਜਾਂ ਫੌਜੀ ਭਰਤੀ 'ਚ ਸਿੱਖਾਂ ਦੀ ਪ੍ਰਤੀਸ਼ਤ ਵਰਗੇ ਮਿੰਨ੍ਹੀ ਮਸਲੇ ਉਛਾਲ ਕੇ ਪੰਜਾਬ ਨੂੰ ਵੱਰਗਲਾ ਦਿੱਤਾ ਜਾਂਦਾ ਹੈ। ਪਿਛਲੇ ਦੋ ਦਹਾਕੇ ਪੰਜਾਬ ਸਰਕਾਰੀ ਅੱਤਵਾਦ ਦੇ ਟੋਟੇ ਚੜਿਆ ਸਿੱਖਾਂ ਦੀ ਸਵੈ-ਅਜ਼ਾਦੀ ਮੰਗਦੇ ਅੰਦੋਲਨ ਨੂੰ ਮਹਾਸ਼ਾ ਪਰੈਸ ਨੇ ਵੱਖਵਾਦ ਅੱਤਵਾਦ ਦਾ ਨਾਂਅ ਦੇ ਕੇ ਰੰਗੀਂ ਵਸਦਾ ਪੰਜਾਬ 1947 ਤੋਂ ਵੀ ਵੱਧ ਲਹੂ ਲੁਹਾਨ ਕਰਵਾਇਆ। ਅੱਜ ਵੀ ਪੰਜਾਬ ਦੀ ਨਿਰਦੋਸ਼ ਜਵਾਨੀ ਟਾਡਾ ਵਰਗੇ ਕਾਨੂੰਨ

Cont'd Page 18

MASTER LEE'S TAE KWON DO

Our martial arts program helps you and your children learn the skills of discipline, self defence respect, concentration and confidence, in an exciting atmosphere. Your child will love it, and you will love what it does for your child!

Excellent Family Activity. CALL TODAY!
GET YOUR FAMILY INVOLVED IN SELF DEFENCE

ਵਧੀਆ ਪਰਿਵਾਰਿਕ ਸਰਗਰਮੀ! ਸਾਨੂੰ ਅੱਜ ਹੀ ਫੋਨ ਕਰੋ!
ਆਪਣੇ ਸਾਰੇ ਪਰਿਵਾਰ ਨੂੰ ਆਤਮ-ਬਚਾਅ'ਚ ਸ਼ਾਮਿਲ ਕਰੋ

852-8824
201-33386 South Fraser Way
Abbotsford

826-1142
32729 - 7th Avenue
(Bethel Pentecostal Church Gym)
Mission

One Week Training FREE

Bring this coupon for one week of Tae Kwon Do Training. Hurry in, space is limited. Expires Apr. 16/2000. No cash value.

From Page 17

ਥੱਲੇ ਜੇਲ੍ਹਾਂ ਵਿੱਚ ਬੈਠੀ ਬੁੱਢੀ ਹੋ ਰਹੀ ਹੈ। ਇਸ ਪ੍ਰਕਾਰ ਕੁਦਰਤੀ ਆਫਤਾਂ ਤੋਂ ਬਚਿਆਂ ਪੰਜਾਬ ਸੈਂਟਰ ਸਰਕਾਰ ਨੇ ਸਿਆਸੀ ਧੱਕੇ ਸ਼ਾਹੀਆਂ ਨਾਲ ਇਸ ਤਰ੍ਹਾਂ ਕੁਚਲਿਆ ਕਿ ਨਾਂ ਵਸਦਿਆਂ 'ਚ ਤੇ ਨਾਂ ਉਜੜਿਆਂ 'ਚ। ਬਾਗੀ ਹੋਈ ਜਵਾਨੀ ਕੁਝ ਜੂਝ ਮਰੇ, ਕੁਝ ਕੁ ਜੇਲ੍ਹੀਂ ਡੱਕੇ ਗਏ ਤੇ ਕੁੱਝ ਪਨਾਹਗੀਰਾਂ ਦੇ ਭੇਸ ਪ੍ਰਦੇਸੀ ਤੁਰ ਆਏ। ਮੋਤਾਂ ਅਤੇ ਹਿਜਰਤ ਕਰ ਗਏ ਪੰਜਾਬ ਦੇ ਵਿਰਲੇ ਹੋਏ ਪਿੰਡਾਂ 'ਚ ਸਰਕਾਰ ਨੇ ਮਜਦੂਰੀ ਦੇ ਬਹਾਨੇ ਯੂ.ਪੀ. ਬਿਹਾਰ ਤੋਂ ਲਿਆ ਕੇ ਭਈਏ ਵਾੜ ਦਿੱਤੇ ਜਿਹੜੇਅੱਗ ਲੈਣ ਆਏ ਘਰਾਂ ਵਾਲੇ ਬਣ ਬੈਠੇ ਭਾਵ ਪੰਜਾਬ ਦੇ ਖਾਂਦੇ ਵੀ ਹੈ ਹਰਾਮ ਵੀ ਕਰਦੇ ਹੈ। ਮਿਸਾਲ ਦੇ ਤੌਰ ਤੇ ਲੁੱਟਾਂ ਖੋਹਾਂ ਡਕੈਤੀਆਂ ਕਾਲੇ ਕੰਛੇ ਵਾਲੇ ਗੈਂਗਾਂ ਦੇ ਰੂਪ 'ਚ ਵਿਚਰਦੇ ਹੈ। ਸੈਂਟਰ ਖੁਸ਼ ਹੈ ਪੰਜਾਬ ਖੁੰਗਲ ਹੁੰਦਾ ਹੈ ਤਾਂ ਪਿਆ ਹੋਵੇ ਸੈਂਟਰ ਨੇ ਹਿੰਦੂ-ਸਿੱਖ ਵੋਟ ਬੈਂਕ ਬਰਾਬਰ ਕਰ ਲਿਆ ਹੈ ਜੇਮਰਦਸ਼ੁਮਾਰੀ ਹੁੰਦੀ ਹੈ ਤਾਂ ਮਾਤਰੀ ਭਾਸ਼ਾ ਹਿੰਦੀ ਲਿਖਵਾਉਣ ਵਾਲੇ ਹੁਣ ਸ਼ਾਇਦ ਸਿੱਖਾਂ ਤੋਂ ਵੱਧ ਵੀ ਜਾਣ। ਬਹੁਤਿਆਂ ਪਿੰਡਾਂ 'ਚ ਬਸਤੀਆਂ ਵਿੱਚ ਤਾਂ ਸੌਂਬਰ ਸਰਪੰਚ ਵੀ ਭਈਏ ਹੀ ਬਣੇ ਹੋਏ ਹੈ ਇਹ ਅੱਜ ਦੇ ਜਖ਼ਮੀਂ ਪੰਜਾਬ ਦੀ ਤ੍ਰਾਸਦੀ ਦਾ ਚਿੱਟਾ ਸੱਚ ਹੈ।

"ਲੋਕ ਰਾਜ ਦੀ ਕਰੋ ਨਾਂ ਆਸ ਉਥੇ, ਜਿੱਥੇ ਲੋਕਾਂ ਦੀ ਵੋਟ ਵਿਕਾਊ ਹੋਵੇ
ਆਮ ਆਦਮੀ ਦੇ ਪੱਲੇ ਕੀ ਪੈਣਾ, ਹੁਕਮਰਾਨ ਜਿੱਥੇ ਵੱਦੀ ਖਾਊ ਹੋਵੇ"

ਸਬਰ ਸੰਤੋਖ ਨਾਲ ਦਸਾਂ ਨੌਹਾਂ ਦੀ ਕਿਰਤ ਕਮਾਉਣ ਤੇ ਦਸਵੰਧ ਕੱਢਣ ਵਾਲੀ ਸਿੱਖ ਕੌਮ ਦੀ ਲੀਡਰ-ਸ਼ਿੱਪ "ਰਿਸ਼ਵਤ ਰੋਗ" ਦੀ ਮਰੀਜ਼ ਬਣ ਕੇ "ਕੁਰਸੀ ਕਬਰ" 'ਚ ਪੈ ਚੁੱਕੀ ਹੈ। ਕਾਂਗਰਸਤੇ ਕਮਿਊਨਿਸਟਾਂ ਨੂੰ ਕੋਸਦੇ ਅਕਾਲੀਆਂ ਨੇ ਜੋ ਧਰਮ ਦੀ ਕੁੱਕੜ ਖੋਹ ਉਡਾਈ ਹੈ ਸਿੱਖਾਂ ਦੀ ਆਨ ਸ਼ਾਨ ਦੀ ਪੁਨਰ ਬਹਾਲੀ ਦੇ ਬਹਾਨੇ ਪੁਨਰ ਮੰਦਹਾਲੀ ਕਰ ਵਿਖਾਈ ਹੈ। ਅਕਾਲੀ ਪਾਰਟੀ ਦੇ ਧਨੰਤਰਪੰਜਾਬ ਦੇ ਨੀਲੇ ਸੁਬੇਦਾਰ ਨੇ ਤਾਂ "ਰਾਜ ਬਿਨਾਂ ਧਰਮ ਚਲੇ ਹੈ।" ਅਧਾਰਤ ਧਰਮ ਤੇ ਧਾਰਮਿਕ ਸਥਾਨਾਂ ਦੇ ਐਸਾ ਸਿਆਸੀ ਕਰਨ ਕੀਤਾ ਹੈ ਕਿ ਸਾਰੀ ਸਿੱਖ ਕੌਮ ਤੇ ਸਿੱਖ ਧਰਮ ਖ਼ਤਰਿਆਂ ਵਿੱਚ ਘਿਰ ਗਿਆ ਹੈ। ਇਸ ਡੋਬੂ ਮਲਾਹ ਨੇ ਕੌਮ ਨੂੰ 1978 ਵਿੱਚ ਨਿਰੰਕਾਰੀਆਂ ਹਥੋਂ ਜ਼ਲੀਲ ਕਰਵਾਇਆ,ਨਕਲਸਬਤੀ ਲਹਿਰ ਨੂੰ ਦਬਾਉਣ ਲਈ ਪੰਜਾਬ ਗੁਰੂਆਂ ਦੇ ਮੁਕਾਬਲੇ, ਨਾਮਧਾਰੀਆਂ ਦੀਆਂ ਵੋਟਾਂ ਖਾਤਿਰ ਨਾਮ ਧਾਰੀ ਗੁਰੂ ਦੀ ਚੇਅਰ ਥਾਪੀ। ਵੋਟਾਂ ਖਾਤਿਰ ਮੱਥੇ ਤਿਲਕ ਲਾਕੇ ਮੰਦਰੀਂ ਹਵਨ ਕਰਵਾਏ ਤੇ ਟੱਲ ਵਜਾਏ, ਟੋਵੇ ਲਵਾਏ ਕਰਮ ਕੁੰਡਲੀਆਂ ਬਣਵਾਈਆਂ। ਦੂਜੇ ਪਾਸੇ ਜ਼ੁੰਮੇਵਾਰ ਆਗੂ ਬਣ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਵਿਆਂ ਦੀ ਹੁਕਮ ਅਦੂਲੀ ਹੀ ਨਹੀਂ ਕੀਤੀ ਬਲਕਿ ਜੱਥੇਦਾਰਾਂ ਦੀਆਂ "ਨਿਯੁਕਤੀਆਂ ਤੇ ਮੁਕਤੀਆਂ" ਦਾ ਮਜ਼ਾਕ ਬਣਾ ਧਰਿਆ। ਏਨਾਂ ਬੋਗੁਰਾ ਤੇ ਬੁੱਝਦਿੱਲ ਸਾਬਤ ਹੋਇਆ ਕਿ ਆਰ.ਐਸ.ਐਸ. ਦੀਆਂ ਚੱਪਲਾਂ ਚੱਟ ਰਿਹਾ ਪਰ ਅਕਾਲ-ਤਖੱਤ ਵਲੋਂਬੇਪ੍ਰਵਾਹ ਹੈ। ਆਪਣੀ ਕੁਰਸੀ ਦੀ ਸਲਾਮਤੀ ਖਾਤਿਰ ਦਿਨ ਦਿਹਾੜੇ ਅੱਖਾਂ ਮੀਚ ਕੇ ਸਿੱਖ ਧਰਮ ਵਿੱਚ ਆਰ.ਐਸ.ਐਸ ਦੀ ਸ਼ਮੂਲੀਅਤ ਕਰਵਾ ਰਿਹਾ ਹੈ। ਇਹ ਵੀ ਪੰਜਾਬ ਦੇ ਅਭਾਗ ਦੀ ਹੀ ਗੱਲ ਹੈਕਿ ਅੱਜ ਸਿੱਖ ਕੌਮ ਤੇ ਪੰਜਾਬੀ ਬੁਰੀ ਤਰਾਂ ਫੁੱਟ ਦਾ ਸ਼ਿਕਾਰ ਤਾਰ ਤਾਰ ਹੋਏ ਪਏ ਹਨ। ਭਾਵੇਂ ਆਦਿ ਕਾਲ ਤੋਂ ਹੀ ਸਿਆਸਤ ਧਰਮ ਦੀ ਹਮਸਫਰ ਰਹੀ ਹੈ ਪਰ ਸਾਡੇ ਨਿਰਲੱਜ ਖੁਦਗਰਜ ਲੀਡਰਾਂਨੇ ਤਾਂ ਗੰਦੀ ਸਿਆਸਤ ਖੋਡਦਿਆਂ ਧਰਮ ਦਾ ਦਾਮਨ ਵੀ ਦਾਗੀਂ ਕਰਕੇ ਸਿਜਦੇ ਕਰਨ ਵਾਲੀਆਂ ਪੈਗੰਬਰਾਂ ਦੀਆਂ ਥਾਂਵਾਂ ਤੇ ਯਾਦਗਾਰਾਂ ਵੀ ਸਿਆਸੀ ਅਖਾੜੇ ਬਣਾ ਲਈਆਂ ਹਨ। ਦਰਅਸਲ ਦੁਸ਼ਮਣਾਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਕੇ ਵੀ ਉਹ ਨੁਕਸਾਨ ਜਾਂ ਨਿਰਾਦਰ ਨਹੀਂ ਹੋਇਆ ਜੋ ਅੱਜ ਸਾਡੇ ਜੋਰਾਵਰ ਲੀਡਰਾਂ ਹੱਥੋਂ ਹੋ ਰਿਹਾ ਹੈ। ਬੇਸ਼ਕ ਪੰਜਾਬ ਨੂੰ ਨਿਵਾਉਣ ਹਰਾਉਣ ਤੇ ਮਾਰਨ ਲਈ ਦਿੱਲੀ ਸਰਕਾਰ ਦੀ ਬਹੁ-ਗਿਣਤੀ ਦਾ ਅੱਡੀ ਚੋਟੀ ਦਾ ਜ਼ੋਰ ਲੱਗਾ ਹੋਇਆ ਹੈ ਫੇਰ ਵੀ ਪੰਜਾਬ ਨੂੰ ਮਾਰਨ ਲਈ ਬਾਹਰੋਂ ਕਿਸੇ ਦੁਸ਼ਮਣ ਨੂੰ ਆਉਣ ਦੀ ਲੋੜ ਨਹੀਂ ਰਹੀ ਕਿਉਂ ਕਿ ਪੰਜਾਬਦੀ ਵਿਕਾਊ ਤੇ ਖੁਦਗਰਜ਼ ਲੀਡਰ-ਸ਼ਿਪ ਹੀ ਏਨੀ ਗਿਰ ਤੇ ਪਾਟ ਚੁੱਕੀ ਹੈ ਕਿ ਜੇ ਇਹ ਨਾਂ ਬਦਲੀ ਗਈ ਤਾਂ ਇਹ ਖੁਦ ਹੀ ਕੌਮ ਤੇ ਪੰਜਾਬ ਨੂੰ ਲੈ ਡੁਬੇਗੀ। ਤਾਜ਼ਾ ਮਿਸਾਲ ਸਾਡੀ ਸ਼੍ਰੋਮਣੀ ਸੰਸਥਾਂ ਦੀ ਪ੍ਰਧਾਨ ਨੇ "ਸੱਪਣੀ ਵਾਂਗ ਆਪਣੇ ਆਂਡੇ ਆਪੇ ਪੀਣ ਵਾਲੀ" ਕਰਤੂਤ ਕਰ ਵਿਖਾਈ ਹੈ। ਅਜੇਹੀ ਆਗੂ ਜੇ ਆਪਣੇ ਢਿਡੋਂ ਜਾਏ ਬੱਚਿਆਂ ਦੀ ਨਹੀਂ ਹੋ ਸਕੀ ਤਾਂ ਕੌਮ ਜਾਂ ਧਾਰਨੀ ਨੂੰ ਉਸ ਤੋਂ ਕੀ ਆਸ ਹੋ ਸਕਦੀ ਹੈ। ਇਹ ਸਭ ਬੁਰੇ ਦਿਨਾਂ ਦੀਆਂ ਨਿਸ਼ਾਨੀਆਂ ਹੈ ਜਦੋਂ ਕੁਰਸੀ-ਜਾਏ ਲੀਡਰ ਇੱਕ ਦੂਜੇ ਦੀਆਂ ਪੱਗਾਂ ਤੇ ਚੁੰਨੀਆਂ ਉਛਾਲਣ ਲੱਗੇ ਹੋਏ ਹਨ ਤੇ ਦੁਸ਼ਮਣ ਸਾਡੇ ਤਖਤਾਂ ਤੱਕ ਘੁਸ-ਬੈਠ ਕਰੀ ਜਾਰਿਹਾ ਹੈ। ਜਿਸ ਤਰ੍ਹਾਂ ਦੇਸੋਂ ਆਰ.ਐਸ.ਐਸ. ਦੀਆਂ ਭੜਕਾਹਟ ਭਰੀਆਂ ਖਬਰਾਂ ਆ ਰਹੀਆਂ ਹੈ ਪੰਜਾਬ ਸਿਰ ਲਹੂ ਦਾ ਠਿਕਰਾ ਭੰਨਣ ਵਾਲੀ ਕੋਈ ਡੂੰਘੀ ਚਾਲ ਹੈ ਜੇ ਲੀਡਰ ਨਾਂ ਸਮਝੇ ਤੇ ਪੰਜਾਬ ਨਾਂਜਾਗਿਆ ਤਾਂ ਖ਼ਤਰਾ ਹੈ।

ਪੰਜਾਬ ਦੇ ਵਾਰਸ ਸਿੱਖ ਮੋਹਰੀਆਂ ਦਾ ਇਸ ਵਕਤ ਨਾਂ ਕੋਈ ਸਾਂਝਾ ਪਲੇਟ ਫਾਰਮ ਹੈ ਤੇ ਨਾਂ ਕੋਈ ਸਾਂਝਾ ਰੋਲ ਹੈ। ਪਾਟੋਧਾੜ ਹੋਣ ਕਰਕੇ ਆਪੋ ਧਾਪੀ ਪਈ ਹੋਈ ਹੈ। ਕਿਸੇ ਵੀ ਸਟੇਜ ਤੋਂ ਕੌਮੀ ਨਿਸ਼ਾਨੇ ਦੀ ਗੱਲ ਭੁਲਾ ਕੇ ਇੱਕ ਦੂਜੇ ਧੜੇ ਨੂ ਕੋਸਣ ਤੱਕ ਸੋਚ ਕੇ ਪਹੁੰਚ ਰਹਿ ਗਈ ਹੈ ਵਰਤਮਾਨ ਲੀਡਰਾਂ ਦੀ। ਅੱਜ ਲੋੜ ਹੈ ਪੰਜਾਬ ਸਿਰੋਂ ਫੁੱਟ ਦਾ ਟੂਣਾ ਉਤਾਰਨ ਲਈ ਕੋਈ ਸੱਚ ਦੀਆਂਮਿਰਚਾਂ ਵਾਰ ਕੇ "ਪਗੜੀ ਸੰਭਾਲ ਜੱਟਾ ਪਗੜੀ ਸੰਭਾਲ" ਕਹਿੰਦਿਆਂ ਕੌਮ ਨੂੰ ਇਕਤਰ ਕਰਕੇ ਸਾਂਝੀਆਂ ਪ੍ਰਾਪਤੀਆਂ ਦੇ ਰਾਹ ਪਾਵੇ। ਫੁੱਟ ਦੇ ਇਨ੍ਹਾਂ ਜਖ਼ਮਾਂ ਨੂੰ ਭਰਨ ਲਈ ਸਿਰਦਾਰ ਕਪੂਰ ਸਿੰਘ ਵਰਗੇ ਤਿਆਗੀ, ਅਕਾਲੀ ਫੂਲਾ ਸਿੰਘ ਵਰਗੇ ਨਿਧੜਕ ਸਿੱਖ ਦੀ ਅਗਵਾਈ ਦੀ ਲੋੜ ਹੈ। ਰੱਬ ਕਰੇਬਾਬਾ ਦੀਪ ਸਿੰਘ ਸ਼ਹੀਦ ਵਰਗੇ ਪੁਰਖਿਆਂ ਦੀ ਰੂਹ ਕਿਸੇ ਸਿੱਖ 'ਚ ਪ੍ਰਵੇਸ਼ ਦਾ ਪ੍ਰਤੱਖ ਹੋ ਕੇ "ਬਾਬਾਏ ਪੰਜਾਬ" ਬਣ ਕੇ ਸਿੱਖ ਕੌਮ ਦੀ ਅਗਵਾਈ ਕਰੇ ਤੇ ਪੰਜਾਬ ਦੀ ਰੱਖ ਰੱਖੇ।

ਮੈਸਕੀ ਬਲੂਬੇਰੀ ਫਾਰਮ

ਪਿਕੱਰਾਂ ਦੀ ਜਰੂਰਤ ਹੈ। ਰੇਟ 40 ਸੈਂਟ ਪੌਂਡ ਸਾਰੇ ਸੀਜ਼ਨ ਦੀ ਤੜਾਈ ਲਈ ਕੀਤੇ ਕੰਮ ਦੀਆਂ ਸਟੈਮਪਾਂ ਵੀ ਮਿਲਣ ਗੀਆਂ। ਐਬਟਸਫੋਰਡ ਵਿਚ ਰਾਈਡ ਦਾ ਪੂਰਾ ਬੰਧੋਬਸਤ ਹੈ. ਹੋਰ ਜਾਣਕਾਰੀ ਲਈ :
ਸ਼ਾਮ ਦੇ 6.00 ਵਜੇ ਤੋਂ ਬਾਦ ਫੋਨ ਕਰੋ 820 - 3090

Prospect Equipment Rentals. Ltd

Anything the Weekend Warrior Needs!

ਵੀਕਐਂਡ ਯੋਧੇ ਦੀਆਂ ਲੋੜਾਂ ਦੀ ਪੂਰਤੀ ਲਈ ਹਰੇਕ ਚੀਜ਼ ਮੌਜੂਦ!

SALES • SERVICE • RENTALS • PARTS
ਸੇਲਜ਼ • ਸਰਵਿਸ • ਰੈਂਟਲਜ਼ • ਪਾਰਟਸ

Good selection of men's work wear.
ਮਰਦਾਂ ਲਈ ਕੰਮਕਾਰ ਦੇ ਵਧੀਆ ਔਜ਼ਾਰ!



Prospect Equipment Rentals. Ltd

Joanne Fedji 826-8696

33320 Glasgow Ave., Mission, B.C.

SHAHEED BHAI BHUPINDER SINGH JI KHALSA SPORTS & CULTURAL CLUB ABBOTSFORD

The Shaheed Bhai Bhupinder Singh Ji Khalsa sports and Cultural Club is going to have its annual general meeting on May 28, 2000 at Kalgi Dhar Darbar Gurdawara on 2575 Cyril Street Abbotsford, B.C. in the langar hall. The meeting will start at 7:00PM. There will be report from the executive. The election will be held for a new executive for next two years.

In last years's tournament total donations $49024.25 plus previous balance $4859.83, Total $53884.08. Total expenditure in year 1999 $51263.43 Balance on hand $2620.65.

For further information please contact the writer
Sandeep Power, Secretary
(604) 309 5300/ 580 1388

ਹਿੰਦੂ-ਸਿੱਖ ਪਾੜਾ ਕਿਉਂ ?

ਜੇ. ਗਿੱਲ

ਅੰਗੇਰਜ਼ਾਂ ਦੀ ਆਮਦ ਤੱਕ ਪੰਜਾਬ ਦੀ ਵਸੋਂ ਵਿੱਚ ਪੂਰੀ ਤਰ੍ਹਾਂ ਸਮਾਜਕ ਏਕਤਾ ਅਤੇ ਇੱਕ ਸੁਰਤਾ ਸੀ। ਸਿੱਖ ਸੂਰਤ ਵਾਲੇ ਲੋਕ ਆਮ ਹਿੰਦੂਆਂ ਵਾਂਗ ਹੀ ਅਵਤਾਰਾਂ ਅਤੇ ਦੇਵੀ-ਦੇਵਤਿਆਂ ਵਿੱਚ ਵਿਸ਼ਵਾਸ਼ ਰੱਖਦੇ ਸਨ ਅਤੇ ਆਮ ਹਿੰਦੂ ਸਿੱਖਾਂ ਵਾਂਗ ਸ਼ਰਧਾ ਨਾਲ ਗੁਰਦੁਆਰਿਆਂ ਵਿੱਚ ਜਾਂਦੇ ਸਨ ਅਤੇ ਦਸਾਂ ਗੁਰੂਆਂ ਨੂੰ ਅਵਤਾਰਾਂ ਵਾਂਗ ਮੰਨਦੇ ਸਨ। ਬ੍ਰਾਹਮਣਾਂ ਦੀ ਸਿੱਖਾਂ ਅਤੇ ਹਿੰਦੂਆਂ ਵਿੱਚ ਇਕੋ ਜਿਹੀ ਉਚੱਤਾ ਅਤੇ ਸਤਿਕਾਰ ਸੀ। ਆਮ ਹਿੰਦੂ ਅਤੇ ਸਿੱਖ ਮੁਸਲਮਾਨ ਪੀਰਾਂ-ਫਕੀਰਾਂਦੀ ਮਾਨਤਾ ਵੀ ਕਰਦੇ ਸਨ। ਪੰਜ ਪੀਰਾਂ ਦੀ ਮਾਨਤਾ ਆਮ ਜਟ ਸਿੱਖਾਂ ਵਿੱਚ ਪ੍ਰਚਲਤ ਸੀ। ਗੁੱਗਾ, ਜਿਸਦੀ ਪੂਜਾ ਸਾਰੇ ਹਿੰਦੂ, ਸਿੱਖ ਕਰਦੇ ਸਨ, ਧਰਮ ਪੱਖੋਂ ਮੁਸਲਮਾਨ ਸੀ। ਇਸੇ ਤਰ੍ਹਾਂ ਖਵਾਜ਼ਾ ਖਿਜ਼ਰ ਦੀ ਮਾਨਤਾ ਵੀ ਹਿੰਦੂ-ਸਿੱਖ ਦੋਵਾਂ ਵਿੱਚਪ੍ਰਚਲਤ ਸੀ। ਦੁਰਗਾ ਦੇਵੀ ਸਾਰੇ ਹਿੰਦੂ-ਸਿੱਖ ਮਾਨਤਾ ਦਿੰਦੇ ਸਨ। ਜਾਦੂ-ਟੂਣੇ, ਅਤੇ ਵਹਿਮ-ਭਰਮ ਸਿੱਖਾਂ ਵਿੱਚ ਵੀਹਿੰਦੂਆਂ ਵਾਲੇ ਹੀ ਸਨ। ਵਿਆਹ, ਜਨਮ ਅਤੇ ਮਰਨ ਦੇ ਸੰਸਕਾਰ ਅਤੇ ਰਸਮਾਂ ਹਿੰਦੂ-ਸਿੱਖ ਦੋਹਾਂ ਦੇ ਬ੍ਰਾਹਮਣ ਹੀ ਕਰਦੇ ਸਨ। ਸਿੱਖ ਆਮ ਹਿੰਦੂਆਂ ਵਾਂਗ ਹਿੰਦੂ ਤੀਰਥ ਹਰਦੁਆਰ, ਜੁਆਲਾ ਜੀ ਤੇ ਬਨਾਰਸ ਜਾਂਦੇ ਸਨ। ਗਲ ਕੀ, ਸਮਾਜ ਵਿੱਚ ਧਰਮ ਦੇ ਪੱਖੋਂ ਨਫਰਤ ਨਹੀਂ ਸੀ। ਲੋਕ ਦੂਜੇ ਧਰਮ ਦਾ ਸਤਿਕਾਰ ਕਰਦੇ ਸਨ।

ਇਸ ਸਮੇਂ ਦੌਰਾਨ ਮਧ ਸ਼੍ਰੇਣੀ (ਵਪਾਰੀ ਜਮਾਤ) ਦੀ ਪ੍ਰਤੀਨਿਧ ਆਰੀਆ ਸਮਾਜ ਲਹਿਰ ਪੈਦਾ ਹੋ ਗਈ। ਸਵਾਮੀ ਦਯਾ ਨੰਦ ਸਰਸਵਤੀ, ਜੋ ਇਸ ਲਹਿਰ ਦਾ ਆਗੂ ਸੀ, ਦੇ ਉਦੇਸ਼ ਸਿੱਖ ਧਰਮ ਦੇ ਮੂਲ ਸਿਧਾਂਤਾਂ ਨਾਲ ਮੇਲ ਖਾਂਦੇ ਸਨ। ਅਵਤਾਰ ਤੇ ਦੇਵੀ-ਦੇਵਤਿਆਂ ਦਾ ਖੰਡਨ ਕਰਕੇ, ਇਕ ਸਰਬ-ਵਿਆਪੀ ਨਿਰਾਕਾਰ ਪਰਮਾਤਮਾ ਦੀ ਉਪਾਸਨਾ ਵਿੱਚ ਵਿਸ਼ਵਾਸ ਦਾ ਪ੍ਰਚਾਰ ਕੀਤਾ। ਮੂਰਤੀ ਪੂਜਾ ਦੀ ਵਿਰੋਧਤਾ, ਵੇਦਾਂ ਤੋਂ ਬਿਨਾਂ ਬਾਕੀ ਸਾਰੇ ਹਿੰਦੂ ਧਰਮ ਪੁਸਤਕਾਂ ਦਾ ਖੰਡਨ, ਮੂਰਤੀ ਪੂਜਾ ਦਾ ਖੰਡਨ, ਛੂਤਛਾਤ ਅਤੇ ਜਾਤਪਾਤ ਦਾ ਖੰਡਨ ਕਰਕੇ ਸਾਰਿਆਂ ਨੂੰ ਆਰੀਆ ਜਾਤੀ ਦੇ ਉਤਰਾਧਿਕਾਰੀ ਕਹਿਣਾ, ਹਿੰਦੂ ਸ਼ਬਦ ਦੀ ਥਾਂ ਆਰੀਆ ਸ਼ਬਦ ਦੀ ਵਰਤੋਂ ਕਰਨਾ ਅਤੇ ਵਿਦਿਆ ਦਾ ਪ੍ਰਸਾਰ ਅਤੇ ਪ੍ਰਚਾਰ ਕਨਾ ਉਸਦੇ ਮੁੱਖ ਉਦੇਸ਼ ਸਨ। ਅਛੂਤਾਂ ਅਤੇ ਮੁਸਲਮਾਨਾਂ ਨੂੰ ਆਰੀਆਂ ਸਮਾਜ ਵਿੱਚ ਸ਼ੁਧੀ ਦੀ ਰਸਮ ਕਰਕੇ ਸ਼ਾਮਲ ਕਰਨਾ। ਇਹ ਵਿਚਾਰ ਮਧ ਵਰਗ ਲਈ ਤਾਂ ਲਾਹੇਵੰਦ ਸਨ ਪਰ ਜਗੀਰਦਾਰ, ਰਜਵਾੜੇ ਅਤੇ ਅੰਗਰੇਜ਼ਾਂ ਲਈ ਘਾਤਕ ਸਨ। ਇਸ ਲਈ ਪੰਜਾਬ ਵਿੱਚ ਰਜਵਾੜੇ ਅਤੇ ਜਾਗੀਰਦਾਰ ਜੋ ਕਿ ਸਿੱਖ ਧਰਮ ਨਾਲ ਸਬੰਧਤ ਸਨ ਸਵਾਮੀ ਦਯਾ ਨੰਦ ਵਿਰੋਧੀ ਬਣ ਗਏ ਪਰਅਾਮ ਸਿੱਖ ਇਨਾਂ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਕਿਉਂਕਿ ਇਹ ਬਹੁਤੇ ਸਿਖੀ ਸਿਧਾਂਤ ਨਾਲ ਮਿਲਦੇ ਸਨ। ਸ਼ਹੀਦ ਭਗਤ ਸਿੰਘ ਦੇ ਦਾਦਾ ਸ੍ਰ:ਅਰਜਨ ਸਿੰਘ ਜੋ ਸਿਖ ਸਨ ਆਰੀਆਂ ਸਮਾਜ ਵਿੱਚ ਸਰਗਰਮੀ ਨਾਲ ਕੰਮ ਕਰਦੇ ਸਨ। ਇਸ ਤਰ੍ਹਾਂ ਆਮ ਸਿੱਖ ਰਜਵਾੜਿਆਂ ਜਾਗੀਰਦਾਰਾਂ ਅਤੇ ਅੰਗਰੇਜ਼ ਸਾਮਰਾਜ ਦੇ ਵਿਰੋਧੀ ਬਣ ਗਏ। ਇਸ ਲਈ ਅੰਗਰੇਜ਼ਾਂ ਦੀ ਸਹਾਇਤਾ ਅਤੇ ਸ਼ਹਿ ਨਾਲ ਸਿੱਖ ਜਗੀਰਦਾਰਾਂ (ਭੂ-ਪਤੀਆਂ) ਅਤੇ ਰਜਵਾੜਿਆਂ ਨੇ ਚੀਫ ਖਾਲਸਾ ਦੀਵਾਨ ਦੀ ਸਥਾਪਨਾ ਕਰਕੇ 1873 ਈ. ਵਿਚ ਸਿੰਘ ਸਭਾ ਲਹਿਰ ਚਲਾਈ ਅਤੇ ਇਤਿਹਾਸ ਵਿੱਚ ਪਹਿਲੀ ਵਾਰ ਐਲਾਨ ਕੀਤਾ ਗਿਆ "ਸਿੱਖ ਹਿੰਦੂ ਨਹੀਂ ਹਨ"।ਇਸ ਤਰ੍ਹਾਂ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖ ਕਰਨ ਦਾ ਪਹਿਲਾ ਯਤਨ ਕੀਤਾ ਗਿਆ।

ਭਾਵੇਂ ਸਿੰਘ ਸਭਾ ਲਹਿਰ ਦਾ ਪ੍ਰਚਾਰ ਵੀ ਆਰੀਆਂ ਸਮਾਜ ਦੇ ਪ੍ਰਚਾਰ ਵਰਗਾ ਹੀ ਸੀ ਇਥੇ ਫਰਕ ਸਿਰਫ ਜਮਾਤੀਸੀ। ਆਰੀਆ ਸਮਾਜ ਮਧਵਰਗ (ਵਪਾਰੀ ਅਤੇ ਛੋਟਾ ਉਦਯੋਗ ਪਤੀ) ਦਾ ਪ੍ਰਤੀਨਿਧ ਸੀ ਜਦੋਂ ਕਿ ਚੀਫ ਖਾਲਸਾ ਦੀਵਾਨ, ਅੰਗਰੇਜ਼ ਦੇ ਟੋਡੀ, ਰਜਵਾੜਿਆਂ ਦਾ ਗੁਣ ਗਾਉਣ ਕਰਦਾ ਸੀ। ਹਿੰਦੂ ਜਗੀਰਦਾਰਾਂ ਤੇ ਹਿੰਦੂ ਰਜਵਾੜਿਆਂ ਦੀ ਸਹਾਇਤਾ ਨਾਲ ਸਨਾਤਨ ਧਰਮ ਸਭਾਵਾਂ ਨੂੰ ਸੰਗਠਤ ਕੀਤਾ ਗਿਆ ਤਾਂ ਜੋ ਆਰੀਆ ਸਮਾਜ ਦੇ ਪ੍ਰਭਾਵ ਨੂੰ ਘਟਾਇਆ ਜਾਏ। ਮੁਸਲਮਾਨ ਜਗੀਰਦਾਰਾਂ ਤੇ ਰਜਵਾੜਿਆਂ ਦੀ ਮਦਦ ਨਾਲ ਅਲੀਗੜ੍ਹ ਲਹਿਰ ਚਲਾਕੇ ਹਿੰਦੂ ਸਿੱਖ ਅਤੇ ਮੁਸਲਮਾਨ ਪੰਜਾਬ ਦੀ ਵਸੋਂ ਵਿੱਚਪਾੜਾ ਪਾ ਦਿਤਾ ਗਿਆ। ਪਰ ਰਣਜੀਤ ਸਿੰਘ ਦੇ ਰਾਜ ਵੇਲੇ ਇਹ ਪਾੜਾ ਰਸਮੀ ਹੀ ਸੀ। ਸਿੱਖ ਅਜੇ ਵੀ ਹਿੰਦੂ ਹੀ ਕਹਾਉਂਦੇਸਨ। ਹਿੰਦੂਆਂ-ਸਿੱਖਾਂ ਵਿੱਚ ਬਹੁਤ ਕੁੱਝ ਸਾਂਝਾ ਸੀ। ਸਿੱਖ ਆਪਣੇ ਆਪ ਨੂੰ ਹਿੰਦੂਆਂ ਦਾ ਸੁਧਰਿਆਂ ਰੂਪ ਹੀ ਸਮਝਦੇ ਸਨ।ਸਿੰਘ ਸਭਾ ਲਹਿਰ ਦੇ ਪ੍ਰਚਾਰ ਦੇ ਨਤੀਜੇ ਵਜੋਂ ਹਜਾਰਾਂ ਹਿੰਦੂ ਸਿੱਖ ਬਣ ਗਏ। ਪੋਠੋਹਾਰੀ ਹਿੰਦੂ ਪ੍ਰਵਾਰਾਂ ਵਿੱਚ ਪਹਿਲੇ ਪੁਤੱਰ ਨੂੰ ਸਿੱਖ ਸਜਾਉਣ ਦੀ ਰਸਮ ਸ਼ੁਰੂ ਹੋ ਗਈ। ਲਹਿਰ ਦੇ ਪ੍ਰਚਾਰ ਸਦਕਾ ਸਿੱਖ ਅਪਣਾ ਅਸਲਾ ਪਹਿਚਾਨਣ ਲਗ ਪਏ।ਗੁਰਬਾਣੀ ਪੜ੍ਹਨ ਲਗ ਪਏ। ਸਿੱਖ ਰੂੜੀਵਾਦੀ ਸਨਾਤਨੀ ਵਿਚਾਰਾਂ ਨੂੰ ਤਲਾਂਜਲੀ ਦੇ ਕੇ ਅਗਾਂਹ-ਵਧੂ ਸਿੱਖ ਸਿਧਾਂਤਾਂ, ਨਾਮ ਜਪਣਾ, ਵੰਡ ਛੱਕਣਾ ਅਤੇ ਕਿਰਤ ਕਰਨੀ ਨਾਲ ਜੁੜਨ ਲਗ ਪਏ। ਇਹ ਸਿਧਾਂਤ ਰਾਜਵਾੜਾ ਸ਼ਾਹੀ ਅਤੇ ਅੰਗਰੇਜ਼ ਦੇ ਰਾਸ ਨਹੀਂ ਸਨ ਆਉਂਦੇ।

ਮਧਵਰਗ ਦੇ ਰਜਵਾੜਾ-ਸ਼ਾਹੀ ਨਾਲ ਜਮਾਤੀ ਹਿਤ ਟਕਰਾਉਂਦੇ ਸਨ। ਆਰੀਆ ਸਮਾਜੀ ਜਿੱਥ

ABBY AUTO CENTRE

ਆਪਣੇ ਭਾਈਆਂ ਦੀ ਆਟੋ ਰਿਪੇਅਰ ਦੀ ਦੁਕਾਨ

2016 Paramont Ave, Abbotsford, B.C.

Phone (604) 852-0420



Daljit Sidhu
(Certified Technician/Owner)



For All Your Automotive Needs (General Repairs)

-- ਕਾਰ ਇੰਜਣ ਦੀ ਹਰ ਤਰ੍ਹਾਂ ਦੀ ਮੁਰੰਮਤ ਲਈ --

- Tune Up
- Brakes
- Suspension Work
- Engines & Transmissions
- Computer Diagnosis
- Oil Changes
- Exhaust

PUREWAL BLUEBERRY FARMS LTD.

We need Blueberry Pickers from Surrey, Abbotsford, Aldergrove, Mission and other out laying areas from MAY 1,2000. All PICKERS will be picked up and dropped off at home, Pickers will be paid 33.5 ¢ per pound.

ਬਲਿਊਬੇਰੀ ਤੋੜਨ ਵਾਲੇ ਨੂੰ ਇਕ ਪੌਂਡ ਦੇ 33.5 ਸੈਂਟ ਦੇ ਹਿਸਾਬ ਨਾਲ ਦਿੱਤੇ ਜਾਣਗੇ। ਸਾਡੇ ਕੋਲ ਬਲਿਊਬੇਰੀ ਨੂੰ ਝਾੜਨ ਦਾ ਵੀ ਬਹੁਤ ਕੰਮ ਹੈ। ਇਸ ਵਿਚ ਇਸਤਰੀਆਂ ਤੇ ਮਰਦਾਂ, ਦੋਨਾਂ ਲਈ ਕੰਮ ਹੈ। ਇਸ ਕੰਮ ਦਾ ਸਪੈਸ਼ਲ ਰੇਟ ਦਿੱਤਾ ਜਾਵੇਗਾ।

- ਪਿਟਮਿਡੋਜ਼ ਦੇ ਇਲਾਕੇ ਦਾ ਮਸ਼ਹੂਰ ਪੁਰੇਵਾਲ ਫਾਰਮ ਜਿਨ੍ਹਾਂ ਨੂੰ ਮਈ ਤੋਂ ਬਲਿਊਬੇਰੀ ਅਤੇ ਸੰਤਰਿਆਂ ਵਾਸਤੇ ਕੰਮ ਕਰਨ ਵਾਲਿਆਂ ਦੀ ਲੋੜ ਹੈ।
- ਤੁਹਾਨੂੰ ਵਧੀਆ ਰੇਟ, ਮੁਫਤ ਟਾਈਮ ਸਰ ਰਾਈਡ ਅਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।
- ਬਾਹਰਲੇ ਸ਼ਹਿਰਾਂ ਤੋਂ ਆਉਣ ਵਾਲੇ ਵਰਕਰਾਂ ਲਈ ਸਾਡੇ ਕੋਲ ਕੈਬਿਨਾਂ ਦਾ ਵਧੀਆ ਇੰਤਜ਼ਾਮ ਹੈ।
- ਕੈਬਿਨਾਂ ਬੁੱਕ ਕਰਵਾਉਣ ਲਈ ਜਲਦੀ ਸਾਡੇ ਨਾਲ ਸੰਪਰਕ ਕਰੋ।
- ਕੰਮ ਹਫਤੇ ਦੇ ਸੱਤੇ ਦਿਨ ਚੱਲਦਾ ਹੈ।
- ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।

ਕੇਨਰੀ ਵਿਚ ਕਾਮੀਆਂ ਦੀ ਸਖਤ ਜ਼ਰੂਰਤ ਹੈ।

ਹੋਰ ਜਾਣਕਾਰੀ ਲਈ ਫੋਨ ਕਰੋ:

Paramjit S. Fauji
Tel: 460-8956
Cell: 862-4984

Deep (Abbotsford)
Tel: 850-9124
Evening after 5:00 P.M.

Mohan S. Billon
Tel: 507-4493
Cell: 834-1366

Prem S. Bains
Tel: 589-9425
Cell: 723-1400

13753-Hale Road - Pitt Meadows B.C.
OFFICE PH: (604) 460-1709

ਜਵੰਧਾ ਹੋਮਿਓਪੈਥਿਕ ਕਲੀਨਿਕ

ਬਲਵੰਤ ਸਿੰਘ ਜਵੰਧਾ

ਪੁਰਾਣੀਆਂ ਅਤੇ ਲਾਇਲਾਜ ਬਿਮਾਰੀਆਂ (Chronic and Incurable diseases) ਬਾਰੇ ਮੈਂ ਆਪਣੇ ਪਾਠਕਾਂ ਨੂੰ ਚਾਨਣਾ ਪਾਉਣਾ ਚਾਹੁੰਦਾ ਹਾਂ। ਪਹਿਲੇ ਲੇਖ ਵਿੱਚ ਮੈਂ ਪਾਠਕਾਂ ਨੂੰ ਦੱਸ ਚੁੱਕਾ ਹਾਂ ਕਿ ਹੋਮਿਓਪੈਥੀ ਵਿੱਚ ਬਿਮਾਰੀਆਂ ਦੇ ਨਾਵਾਂ ਦੀ ਕੋਈ ਵਿਸ਼ੇਸ਼ਤਾ ਨਹੀਂ ਹੈ ਅਤੇ ਨਾ ਹੀ ਹੋਮਿਓਪੈਥੀ ਇਲਾਜ-ਢੰਗ ਸ਼ਰਤੀਆਂ ਇਲਾਜ ਜਾਂ ਗਰੰਟੀ ਸ਼ੁਦਾ ਇਲਾਜ ਕਰਨ ਦਾ ਕੋਈ ਢੰਗ ਤਰੀਕਾ ਹੈ। ਹੋਮਿਓਪੈਥਿਕ ਪ੍ਰਨਾਲੀ ਰਾਹੀਂ ਇਲਾਜ ਕਰਨ ਵਾਲਾ ਹੋਮਿਓਪੈਥ ਕੋਈ ਵੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਇਸ ਮਰਜ਼ ਦਾ ਇਨਾਂ ਚਿਰ ਦਾ ਇਲਾਜ ਹੈ। ਹੋਮਿਓਪੈਥੀ ਵਿੱਚ ਰੋਗਾਂ ਦਾ ਨਹੀਂ ਸਗੋਂ ਰੋਗੀ ਬੰਦੇ ਦਾ ਇਲਾਜ ਕੀਤਾ ਜਾਂਦਾ ਹੈ। ਜਿਨ੍ਹਾਂ ਚਿਰ ਹੋਮਿਓਪੈਥਿਕ ਇਲਾਜ ਕਰਨ ਵਾਲੇ ਨੂੰ ਸਹੀ ਕਾਰਨ ਨਹੀਂ ਮਿਲਦਾ, ਰੋਗ ਦੀ ਸਹੀ ਜਾਣਕਾਰੀ ਨਹੀਂ ਮਿਲਦੀ, ਉਨ੍ਹਾਂ ਚਿਰ ਇਲਾਜ ਸੰਭਵ ਨਹੀਂ ਹੋ ਸਕਦਾ। ਮਰੀਜ਼ ਨੂੰ ਆਪਣੇ ਬੀਤੇ ਸਮੇਂ, ਵਰਤਮਾਨ ਸਮੇਂ ਦੀਆਂ ਬਿਮਾਰੀਆਂ ਅਤੇ ਘਟਨਾਵਾਂ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਪਰਿਵਾਰਕ ਹਿਸਟਰੀ ਬਾਰੇ ਪੂਰਾ ਗਿਆਨ ਹੋਣਾ ਚਾਹੀਦਾ ਹੈ। ਜੇਕਰ ਮਰੀਜ਼ ਅਹਿਮ ਘਟਨਾ ਭੁੱਲ ਗਿਆ ਹੋਵੇ ਜਾਂ ਉਵੇਂ ਹੀ ਸੰਗਦਾ ਦਸਦਾ ਨਾ ਹੋਵੇ ਤਾਂ ਹੋਮਿਓਪੈਥਿਕ ਵਿੱਚ ਕਿਸੇ ਵੀ ਪੁਰਾਣੀ ਜਾਂ ਨਵੀਂ ਬਿਮਾਰੀ ਦਾ ਇਲਾਜ ਸੰਭਵ ਨਹੀ ਹੈ, ਸਗੋਂ ਉਹ ਤਾਂ ਟੋਬੇ ਵਿੱਚ ਇੱਟ ਮਾਰਨ ਵਾਲੀ ਗੱਲ ਹੋਵੇਗੀ।

ਇੱਥੇ ਮੈਂ ਇੱਕ ਲਾ-ਇਲਾਜ ਪੁਰਾਣੀ ਬਿਮਾਰੀ ਜੋ ਕਿ 12 ਸਾਲਾਂ ਤੋਂ ਮਰੀਜ਼ ਨੂੰ ਸੀ, ਉਸ ਦੀ ਉਦਾਹਰਣ ਦਿੰਦਾ ਹਾਂ ਜਿਸ ਦਾ ਕਿ ਹੋਮਿਓਪੈਥਿਕ ਇਲਾਜ ਇੰਡੀਆ ਵਿੱਚ ਚਲ ਰਿਹਾ ਸੀ। ਇਹ ਗੱਲ 1968 ਦੀ ਹੈ। ਮਰੀਜ਼ ਨੂੰ ਦਵਾਈ ਖਾਂਦੇ ਨੂੰ ਸੱਤ ਮਹੀਨੇ ਹੋ ਗਏ ਸਨ ਅਤੇ ਪੂਰੀ ਖੋਜ ਉਪਰੰਤ ਕੋਈ ਫਰਕ ਨਾ ਪਿਆ। (ਉਸਨੂੰ ਇਨਸੂਲੀਨ ਦਾ ਟੀਕਾ ਲੈਣਾ ਪੈਂਦਾ ਸੀ। ਹੋਮਿਓਪੈਥੀ ਇਲਾਜ ਦੇ ਨਾਲ ਟੀਕਾ ਲੈਂਦਾ ਸੀ)। ਇਸੇ ਮਰੀਜ਼ ਨੂੰ ਦੁਬਾਰਾ ਖੋਜ਼ ਕਰਨ ਵਾਸਤੇ ਨਵੇਂ ਸਿਰੇ ਤੋਂ ਕੇਸ ਤਿਆਰ ਕਰਨ ਵਾਸਤੇ ਬੁਲਾਇਆ ਗਿਆ। ਗੱਲ ਬਾਤ ਦੌਰਾਨ ਉਸਨੂੰ ਇਹ ਸਵਾਲ ਕੀਤਾ ਗਿਆ ਕਿ ਤੇਰੇ ਪੈਰਾਂ ਨੂੰ ਪਸੀਨਾ ਆਉਂਦਾ ਹੈ? ਮਰੀਜ਼ ਨੇ ਦੱਸਿਆ ਕਿ ਪੈਰਾਂ ਨੂੰ ਪਸੀਨਾ ਨਹੀਂ ਆਉਂਦਾ। ਫਿਰ ਕਹਿੰਦਾ ਕੋਈ ਜ਼ਮਾਨਾ ਸੀ ਬਦਬੂਦਾਰ ਪਸੀਨਾ ਪੈਰਾਂ ਨੂੰ ਬਹੁਤ ਹੀ ਆਉਂਦਾ ਸੀ। ਜ਼ੁਰਾਬਾਂ ਤਾਂ ਉਕੱਾ ਹੀ ਨਹੀਂ ਸਨ ਪੈਂਦੀਆ। ਜੁੱਤੀ ਵੀ ਅੰਦਰੋਂ ਖਰਾਬ ਹੋ ਜਾਂਦੀ ਸੀ। ਫਿਰ ਪੁੱਛਿਆ ਗਿਆ ਕਿ ਪਸੀਨਾ ਕਿਸ ਤਰ੍ਹਾਂ ਹਟ ਗਿਆ ਤਾਂ ਉਹ ਕਹਿੰਦਾ ਗਰਮੀ ਦਾ ਮਹੀਨਾ ਸੀ, ਮੈਂ ਤੁਰਿਆ ਜਾਂਦਾ ਸੀ ਪਸੀਨਾ ਪੈਰਾਂ ਨੂੰ ਬਹੁਤ ਆਇਆ ਹੋਇਆ ਸੀ। ਮੈਂ ਨਹਿਰ ਦੇ ਦੂਸਰੇ ਪਾਸੇ ਜਾਣਾ ਸੀ। ਪੁਲ ਵਾਲਾ ਰਸਤਾ ਦੂਰ ਪੈਂਦਾ ਸੀ। ਮੈਂ ਨਹਿਰ ਦੇ ਕੰਢੇ ਤੇ ਪਹੁੰਚਿਆ ਤਾਂ ਨਹਿਰ ਬੰਦ ਹੋ ਰਹੀ ਸੀ ਭਾਵ ਪਾਣੀ ਨਹਿਰ ਦਾ ਘੱਟ ਗਿਆ ਸੀ। ਪਾਣੀ ਨੀਵਾਂ ਵੇਖ ਕੇ ਮੈਂ ਨਹਿਰ ਵਿੱਚ ਜਾਣ ਦੀ ਤਿਆਰੀ ਕਰ ਲਈ। ਪੈਰਾਂ ਨੂੰ ਪਸੀਨਾ ਪੂਰਾ ਆਇਆ ਹੋਇਆ ਸੀ। ਮੈਂ ਜੁੱਤੀ ਲਾਹ ਕੇ ਨਹਿਰ ਵਿੱਚ ਚਲਾ ਗਿਆ ਤਾਂ ਪਾਣੀ ਸਿਰਫ ਗੋਡੇ ਗੋਡੇ ਆਉਂਦਾ ਸੀ। ਪਾਣੀ ਵਿੱਚੋਂ ਮੈਂ ਹੋਲੀ ਹੋਲੀ ਲੰਘ ਗਿਆ ਅਤੇ ਬਾਹਰ ਜਾ ਕੇ ਪੈਰ ਪੂੰਝ ਕੇ ਜੁੱਤੀ ਪਾ ਲਈ। ਉਸ ਤੋਂ ਬਾਅਦ ਕਦੇ ਮੁੜਕੇ ਪੈਰਾਂ ਨੂੰ ਪਸੀਨਾ ਨਹੀਂ ਆਇਆ। ਫਿਰ ਪੁੱਛਿਆ ਗਿਆ ਕਿ ਸ਼ੂਗਰ ਦੀ ਬਿਮਾਰੀ ਕਦੋਂ ਹੋਈ ਤਾਂ ਉਸ ਨੇ ਦੱਸਿਆ ਕਿ ਪਸੀਨੇ ਹਟਣ ਤੋਂ ਦੋ ਢਾਈ ਮਹੀਨੇ ਬਾਅਦ। ਫਿਰ ਲਗਾਤਾਰ ਵਧਦੀ ਹੀ ਗਈ। ਹੋਰ ਗੱਲਾਂ ਵੀ ਮਿਲਦੀਆਂ ਸਨ :- 1. ਪੈਰਾਂ ਦਾ ਪਸੀਨਾ ਦਬਣ ਤੋਂ ਬਾਅਦ ਰੋਗ। 2. ਬਦਬੂਦਾਰ ਪਸੀਨਾ ਸੀ ਜੋ ਬੰਦ ਹੋ ਗਿਆ ਸੀ। ਇੱਕ ਸਿਲੀਸਿਆ 30 ਦੀ ਖੁਰਾਕ ਦੇ ਕੇ ਘੰਟੇ ਬਾਅਦ ਸਿਲੀਸਿਆ 200 ਦੀ ਖੁਰਾਕ ਦਿੱਤੀ ਗਈ ਅਤੇ ਕਿਹਾ ਗਿਆ ਕਿ ਇੱਕ ਮਹੀਨੇ ਬਾਅਦ ਦੱਸਣਾ। ਮਹੀਨੇ ਬਾਅਦ ਪੈਰਾਂ ਦਾ ਪਸੀਨਾ ਦੁਬਾਰਾ ਸ਼ੁਰੂ ਹੋ ਗਿਆ ਅਤੇ ਸ਼ੂਗਰ ਸਿਰਫ ਤੀਸਰਾ ਹਿੱਸਾ ਰਹਿ ਗਈ। ਮਰੀਜ਼ ਕਹਿੰਦਾ ਇਸ ਦਾ ਫਾਹਾ ਮਸਾ ਵੱਢਿਆ ਸੀ ਇਹ ਗੰਦਾ ਪਸੀਨਾ ਫਿਰ ਚਾਲੂ ਹੋ ਗਿਆ। ਉਸਨੂੰ ਕਿਹਾ ਗਿਆ ਕਿ ਇਹ ਵੀ ਠੀਕ ਹੋ ਜਾਵੇਗਾ। ਇੱਕ ਮਹੀਨੇ ਬਾਅਦ ਫਿਰ ਆਉਣਾ। ਇਸ ਤਰ੍ਹਾਂ ਦੋ ਮਹੀਨੇ ਵਿੱਚ ਸ਼ੂਗਰ ਨੋਰਮਲ ਹੋ ਗਈ ਅਤੇ ਅਗਲੇ ਇੱਕ ਮਹੀਨੇ ਵਿੱਚ ਭਾਵ ਤੀਸਰੇ ਮਹੀਨੇ ਵਿੱਚ ਪੈਰਾਂ ਦਾ ਗੰਦਾ ਪਸੀਨਾ ਵੀ ਹਟ ਗਿਆ। ਮਰੀਜ਼ ਦੀ ਲਾ-ਇਲਾਜ ਬਿਮਾਰੀ ਬਾਰੇ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਸ ਤਰ੍ਹਾਂ ਠੀਕ ਹੋ ਗਈ। ਸੋ ਇਹੋ ਜਹੀਆਂ ਗੱਲਾਂ ਮਰੀਜ਼ ਨੂੰ ਜ਼ਰੂਰ ਨੋਟ ਕਰਨੀਆਂ ਚਾਹੀਦੀਆਂ ਹਨ ਜਿੰਨ੍ਹਾਂ ਦਾ ਤੁਸੀਂ ਸੋਚੋਗੇ ਕਿ ਬਿਮਾਰੀ ਨਾਲ ਕੀ ਸੰਬੰਧ ਹੈ। ਪਰ ਹੋਮਿਓਪੈਥੀ ਵਿੱਚ ਇਹੋ ਜਹੀਆਂ ਨਿੱਕੀਆਂ ਜਾਂ ਵੱਡੀਆਂ ਘਟਨਾਵਾਂ ਬਹੁਤ ਹੀ ਮਹੱਤਵਪੂਰਨ ਥਾਂ ਰੱਖਦੀਆਂ ਹਨ। ਇਸੇ ਤਰ੍ਹਾਂ ਹੋਰ ਬਿਮਾਰੀਆਂ ਦਮਾਂ, ਮਿਰਗੀ ਆਦਿ ਦੇ ਵੀ ਕਾਰਨ ਛੁੱਪੇ ਹੋਏ ਹੁੰਦੇ ਹਨ। ਇਥੇ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਜਿਨ੍ਹਾਂ ਨੂੰ ਪੁਰਾਣੀ ਬਿਮਾਰੀ ਜਾਂ ਲਾ-ਇਲਾਜ ਬਿਮਾਰੀ ਦੇ ਨਾਲ ਨਾਲ ਹੋਰ ਅੰਗ ਵੀ ਬਿਮਾਰ ਹੋਣ ਜਿਵੇਂ ਕੈਂਸਰ, ਸ਼ੂਗਰ, ਗਠਿਆ ਆਦਿ ਬਿਮਾਰੀ ਦੇ ਨਾਲ, ਗੁਰਦੇ, ਦਿਲ, ਜਿਗਰ, ਫੇਫੜੇ ਆਦਿ ਦੇ ਰੋਗ ਹੋਣ ਭਾਵ ਵੱਡੀ ਬਿਮਾਰੀ ਦੇ ਨਾਲ ਨਾਲ ਮਰੀਜ਼ ਕਈ ਹੋਰ ਬਿਮਾਰੀਆ ਦਾ ਸ਼ਿਕਾਰ ਹੋਵੇ, ਭਾਵ ਕੇਸ ਗੁੰਝਲਦਾਰ ਹੋਵੇ। ਉਥੇ ਉਸਨੂੰ ਹੋਮਿਓਪੈਥਿਕ ਇਲਾਜ ਦੀ ਰਾਇ ਮੈਂ ਨਹੀਂ ਦਿੰਦਾ। ਕਿਉਂਕਿ ਉਨ੍ਹਾਂ ਦੀ ਜੀਵਨ ਸ਼ਕਤੀ ਬਹੁਤ ਕਮਜ਼ੋਰ ਹੋਈ ਹੁੰਦੀ ਹੈ। ਉਨ੍ਹਾਂ ਨੂੰ ਆਪਣੇ ਪਰਿਵਾਰਕ ਡਾਕਟਰ ਨਾਲ ਸਲਾਹ ਕਰਕੇ ਇਲਾਜ ਚਾਲੂ ਰੱਖਣਾ ਚਾਹੀਦਾ ਹੈ। ਇਕ ਗੱਲ ਹੋਰ ਧਿਆਨਯੋਗ ਹੈ ਕਿ ਜੇਕਰ ਤੁਸੀਂ ਆਪਣੀਆਂ ਆਮ ਬਿਮਾਰੀਆਂ ਦਾ ਹੋਮਿਓਪੈਥਿਕ ਢੰਗ ਨਾਲ ਇਲਾਜ ਕਰਾਉਂਦੇ ਰਹੋ ਤਾ ਤੁਹਾਡਾ ਵੱਡੀਆਂ ਵੱਡੀਆਂ ਬਿਮਾਰੀਆਂ ਹੋਣ ਤੋਂ ਬਚਾਅ ਹੋ ਸਕਦਾ ਹੈ, ਕਿਉਂਕਿ ਹੋਮਿਓਪੈਥੀ ਦਾ ਕੋਈ ਬੁਰਾ ਅਸਰ ਨਹੀਂ।

ਐਬਟਸਫੋਰਡ ਨਿਵਾਸੀ ਆਪਣੀਆਂ ਨਵੀਆਂ ਅਤੇ ਪੁਰਾਣੀਆਂ ਬੀਮਾਰੀਆਂ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰਨ ਜੀ

BALWANT SINGH JAWANDHA (Homeopathic Consultant)

B.A. (Pb) D.H.M.S. Pb (INDIA)
R.A.S.M. Pb. & Hya (INDIA)
Member W.C.H.S. (B.C.) CANADA

ਬਲਵੰਤ ਸਿੰਘ ਜਵੰਧਾ

ਜਿਵੇਂ:
ਸ਼ੂਗਰ, ਪਿਸ਼ਾਬ ਵਿੱਚ ਜਲਨ, ਪੀਕਆਦਿ, ਗੋਡਿਆਂ, ਸੱਟਾਂ ਦੇ ਦਰਦ, ਜੋੜਾਂ ਦੇ ਦਰਦ,(Back Pain), ਪਥਰੀਆਂ (ਗੁਰਦੇ, ਪਿੱਤੇ, ਮਸ਼ਾਨੇ ਆਦਿ ਵਿੱਚ), ਜ਼ੁਕਾਮ, ਅਲਰਜੀ, ਖਾਂਸੀ, ਕਾਲੀ ਖਾਂਸੀ, ਦਮਾ ਆਦਿ, ਜਨਾਨਾਂ ਅਤੇ ਮਰਦਾਨਾ ਬਿਮਾਰੀਆਂ ਗੁਪਤ ਰੋਗ

ਮਾਨਸਿਕ ਰੋਗ, ਚਿੰਤਾ, ਘਬਰਾਹਟ, ਪੇਟ ਦੇ ਰੋਗ, ਪੇਟ ਦਰਦ, ਖੱਟੇ ਡਕਾਰ ਆਦਿ, ਜਿਗਰ, ਦਿਲ ਦੇ ਰੋਗ, ਬਲੱਡ ਪਰੈਸ਼ਰ ਘੱਟ ਜਾਂ ਵੱਧ, ਚਮੜੀ ਰੋਗ, ਮੌਕੇ, ਮੂੰਹ ਤੇ ਕਿਲ ਛਾਈਆਂ, ਸਰੀਰ ਦੇ ਕਿਸੇ ਹਿਸੇ ਵਿਚ ਰਸੌਲੀ, ਸਰੀਰਕ ਮੋਟਾਪਾ ਆਦਿ

ਬਿਮਾਰੀਆਂ ਦੇ ਸੰਬੰਧ ਵਿੱਚ ਮਿਲ ਸਕਦੇ ਹੋ

ਮਿਲਣ ਲਈ ਅੱਜ ਹੀ appointment ਬਣਾਉ

JAWANDHA HOMEOPATHIC CLINIC
31977, AUSTIN AVENUE, ABBOTSFORD
Tel: (604) 556-7751

ਨੋਟ :
1. All Patients MUST bring picture I.D.
2. ਇਥੇ ਸਿਰਫ ਹੋਮਿਓਪੈਥਿਕ ਦਵਾਈਆਂ (Remedies) ਦੁਆਰਾ ਹੀ ਇਲਾਜ ਕੀਤਾ ਜਾਂਦਾ ਹੈ ।
3. After consultation, patients receive, sealed/original packed Remedies by the company
4. Homeopathic remedies are not sold here.

ONLY ONE OF ITS KIND IN ABBOTSFORD

FARM WORKERS NEEDED

for the coming season

* Berry pickers
  - Strawberries
  - Raspberries
  - Blueberries
* Harvesting Crew
  - Machine drivers
  - Belt sorters
  - Truck drivers



* Cannery workers
  - Forklift drivers
  - Belt sorters

We will pick up from homes in Abbotsford and Mission area.
Living accommodation is available for out-of-town workers in our newly built lodging facility.

Please call **850-7609 (10 am - 3 pm)**
854-6903 (3 pm - 8 pm)

ਆਉਂਦੇ ਮੌਸਮ ਲਈ **ਫਾਰਮ ਵਰਕਰਾਂ ਦੀ ਲੋੜ**

ਕਾਹਲੋਂ ਫਾਰਮਜ਼, ਐਬਟਸਫੋਰਡ ਨੂੰ ਹੇਠ ਲਿਖੇ ਵਰਕਰਾਂ ਦੀ ਜ਼ਰੂਰਤ ਹੈ:-

*ਬੇਰੀ ਪਿੱਕਰਜ਼ - ਸਟਰਾਅ ਬੇਰੀ
- ਰਸਬੇਰੀ
- ਬਲੂਬੇਰੀ

* ਕੈਨਰੀ ਵਰਕਰਜ਼
* ਹਾਰਵੈਸਟਿੰਗ ਕਰੂਅ-ਮਸ਼ੀਨ ਡਰਾਈਵਰਜ਼
-ਬੈਲਟ ਸਾਰਟਰਜ਼
-ਟਰੱਕ ਡਰਾਈਵਰਜ਼
-ਫੋਰਕਲਿਫਟ ਡਰਾਈਵਰਜ਼
-ਬੈਲਟ ਸਾਰਟਰਜ਼

ਐਬਟਸਫੋਰਡ ਅਤੇ ਮਿਸ਼ਨ 'ਚ ਰਹਿਣ ਵਾਲਿਆਂ ਵਾਸਤੇ ਰਾਈਡ ਦਾ ਪ੍ਰਬੰਧ ਹੈ। ਸਾਰੇ ਵਰਕਰਾਂ ਨੂੰ ਈ ਆਈ. ਰਿਕਰਡ ਜਾਰੀ ਕੀਤੇ ਜਾਣਗੇ। ਦੂਰੋਂ ਆਉਣ ਵਾਲਿਆਂ ਲਈ ਸਾਡੇ ਕੋਲ ਨਵੀਂ-ਬਣੀ ਰਿਹਾਇਸ਼ ਦਾ ਵੀ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਫੋਨ ਤੇ ਸੰਪਰਕ ਕਰੋ:
850-7609 (10 ਵਜੇ ਸਵੇਰੇ-3 ਵਜੇ ਸ਼ਾਮ ਤਕੱ)
854-6903 (3 ਵਜੇ ਸ਼ਾਮ - 8 ਵਜੇ ਸ਼ਾਮ ਤਕੱ)

KAHLON FARMS LTD.
PRODUCERS & PACKERS OF QUALITY FRUITS

MAILING ADDRESS: 262 COLUMBIA ST. ABBOTSFORD B.C. V2T 5X6 CANADA
PLANT ADDRESS: 82 GLADWIN RD. ABBOTSFORD B.C.

Fantasy
SILK WAREHOUSE

CLOSING OUT SALE
Everything in the Store
50% OFF

All Plants various prices ---------- Sale 50% Off
Large Flowers Baskets reg. $35.99 ---- Sale $18.00
Single Stem Flower reg. 0.99¢ ---------- Sale 0.50¢
Flower Arrangements reg. 29.99 ------- Sale $14.99
Green Bushes reg. $19.99 ---------- Sale $5.00
plus many more in-store specials

31962 South Fraser Way & Clearbrook Street
Abbotsford B.C.
852-3239

HOURS: Open Everyday (Including Holidays)
10:00 am - 5:30 pm

ਖਾਲਸਾ ਕਰੈਡਿਟ ਯੂਨੀਅਨ ਦੀਆਂ ਚੋਣਾਂ

ਤੁਹਾਡੀ ਮਿਹਨਤ ਨਾਲ ਕੀਤੀ ਕਮਾਈ ਦੀ ਠੀਕ ਸੰਭਾਲ ਅਤੇ ਸਿੱਖ ਕੌਮ ਦੀ ਸ਼ਾਨਾਮੱਤੀ ਬੈਂਕ ਨੂੰ ਤਰੱਕੀ ਵੱਲ ਲਿਜਾਣ ਲਈ

ਭਾਈਚਾਰੇ ਦੇ ਤਜ਼ਰਬੇਕਾਰ ਤੇ ਢੁਕਵੇਂ ਉਮੀਦਵਾਰ

ਨਰਿੰਦਰ ਸਿੰਘ ਗਿੱਲ

ਨੂੰ

ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ

- ਮੇਰਾ ਵਿਖੇ ਜਾਇਦਾਦ ਕਰ ਵਿਭਾਗ 'ਚ ਕੰਮ ਕਰਨ ਮਗਰੋਂ 1976 'ਚ ਕੈਨੇਡਾ ਆ ਗਏ। ਅੱਜ ਕੱਲ ਲੋਅਰ ਮੇਨਲੈਂਡ ਦੇ ਸਫਲ ਬਿਲਡਰ ਅਤੇ ਡਿਵੈਲਪਰ ਹਨ।
- 1989 'ਚ ਵੈਨਕੂਵਰ ਦੇ ਖਾਲਸਾ ਸਕੂਲ ਦੇ ਮੁੜ ਖੁੱਲ੍ਹਣ ਨੂੰ ਸੰਭਵ ਬਣਾਉਣ ਵਿਚ ਯੋਗਦਾਨ ਪਾਇਆ
- ਸਰੀ ਦੇ ਖਾਲਸਾ ਸਕੂਲ ਦੀ ਉਸਾਰੀ ਵਾਸਤੇ ਜ਼ਮੀਨ ਖਰੀਦੀ ਅਤੇ ਉਸਾਰੀ ਮੁਕੰਮਲ ਕਰਵਾਈ
- ਕੈਲਗਰੀ ਦੇ ਗੁਰਦੁਆਰਾ ਸਾਹਿਬ ਦਸ਼ਮੇਸ਼ ਕਲਚਰਲ ਸੈਂਟਰ ਦੀ ਹੱਥੀਂ ਉਸਾਰੀ ਕਰਾਈ ਅਤੇ ਕਈ ਸਾਲ ਬਤੌਰ ਖਜਾਨਚੀ ਸੇਵਾ ਕੀਤੀ
- ਖਾਲਸਾ ਪ੍ਰੀ-ਸਕੂਲ ਸਰੀ ਦੀ ਸਥਾਪਨਾ ਕਰਾਉਣ ਵਿਚ ਮੋਹਰੀ ਰੋਲ ਅਦਾ ਕੀਤਾ
- ਸਰੀ 'ਚ ਖਾਲਸਾ ਕਰੈਡਿਟ ਯੂਨੀਅਨ ਦੇ ਹੌਂਡ ਆਫਿਸ ਦੀ ਇਮਾਰਤ ਦੀ ਉਸਾਰੀ ਇਨ੍ਹਾਂ ਦੀ ਨਿਗਰਾਨੀ ਹੇਠ ਮੁਕੰਮਲ ਹੋਈ
- ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਅਤੇ ਸੀਨੀਅਰ ਸੈਂਟਰ ਦੀ ਉਸਾਰੀ 'ਚ ਭਰਪੂਰ ਯੋਗਦਾਨ ਪਾਇਆ
- ਕਰੈਡਿਟ ਯੂਨੀਅਨ ਦੀ ਨੌਮੀਨੇਟਿੰਗ ਕਮੇਟੀ ਦੇ ਚੇਅਰਮੈਨ ਵਜੋਂ ਸੇਵਾ ਨਿਭਾਈ
- ਖਾਲਸਾ ਸਕੂਲ ਚਲਾਉਣ ਵਾਲੀ ਸੰਤਨਾਮ ਐਜੂਕੇਸ਼ਨ ਸੋਸਾਇਟੀ ਦੀ ਕਾਰਜਕਾਰਨੀ 'ਚ ਲੰਬੇ ਸਮੇਂ ਤੱਕ ਸੇਵਾ ਨਿਭਾਈ

ਸਿੱਖ ਧਰਮ ਦੀ ਨਿਸ਼ਕਾਮ ਸੇਵਾ ਦੀ ਭਾਵਨਾ ਅਤੇ ਕੌਮ ਦੀ ਚੜ੍ਹਦੀ ਕਲਾ ਦੀ ਕਾਮਨਾ ਰੱਖਣ ਵਾਲੇ ਨਰਿੰਦਰ ਸਿੰਘ ਗਿੱਲ ਹੁਣ ਖਾਲਸਾ ਕਰੈਡਿਟ ਯੂਨੀਅਨ ਦੇ ਪ੍ਰਬੰਧਕ ਵਜੋਂ ਸੇਵਾ ਕਰਨ ਲਈ ਅੱਗੇ ਆਏ ਹਨ

ਖਾਲਸਾ ਕਰੈਡਿਟ ਯੂਨੀਅਨ ਦਾ ਰੁਤਬਾ ਬੁਲੰਦ ਕਰਨ ਲਈ
4 ਜੂਨ 2000 ਨੂੰ ਨਰਿੰਦਰ ਸਿੰਘ ਗਿੱਲ ਨੂੰ ਡਾਇਰੈਕਟਰ ਚੁਣੋ।
ਫੋਨ: 597-7399

ਸਥਾਨਕ ਖਬਰਾਂ

ਹੈਰੀ ਸੇਅਰਜ਼ ਸਕੂਲ ਨੂੰ $72,000 ਦੀ ਗ੍ਰਾਂਟ

ਹੈਰੀ ਸੇਅਰਜ਼ ਅਲਿਮੈਂਟਰੀ ਸਕੂਲ ਨੂੰ ਬੀ.ਸੀ. ਗੇਮਿੰਗ ਕਮਿਸ਼ਨ ਵਲੋਂ $72,000 ਮਿਲਣ ਨਾਲ ਸਕੂਲ ਦੇ ਪੰਜਾਬੀ ਅਤੇ ਮਿਊਜ਼ਿਕ ਪ੍ਰੋਗਰਾਮਾਂ ਨੂੰ ਕਾਫੀ ਰਾਹਤ ਮਿਲੇਗੀ। ਹੁਣ ਇਹ ਦੋਨੋਂ ਪ੍ਰੋਗਰਾਮ ਇੱਕੋ ਕਮਰੇ ਵਿੱਚ ਕੀਤੇ ਜਾ ਰਹੇ ਹਨ। ਉਪਰੋਕਤ ਫੰਡ ਮਿਲਣ ਨਾਲ, ਸਕੂਲ ਵਿੱਚ ਹੋਰ ਕੰਪਿਊਟਰ ਅਤੇ ਪੰਜਾਬੀ ਸਾਫਟ ਵੇਅਰ ਖ਼ਰੀਦਿਆ ਜਾ ਸਕੇਗਾ। ਦੋਨੋਂ ਪ੍ਰੋਗਰਾਮਾਂ ਵਾਸਤੇ ਵੱਖਰੀਆਂ ਥਾਵਾਂ ਦਾ ਪ੍ਰਬੰਧ ਕੀਤਾ ਜਾ ਸਕੇਗਾ। ਉਪਰੋਕਤ ਸਕੂਲ ਵਿੱਚ ਦੋ ਸਾਲ ਪਹਿਲਾਂ ਸ਼ੁਰੂ ਕੀਤੇ ਗਏ ਪੰਜਾਬੀ ਪ੍ਰੋਗਰਾਮ ਵਿੱਚ ਪੰਜਾਬੀ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ 28 ਤੋਂ ਵੱਧ ਕੇ 76 ਹੋ ਗਈ ਹੈ।

ਔਰਤਾਂ ਨਾਲ ਛੇੜਖਾਨੀ ਕਰਨ ਵਾਲਾ ਬਜ਼ੁਰਗ

ਐਬਟਸਫੋਰਡ ਪੁਲੀਸ ਨੇ ਔਰਤਾਂ ਨੂੰ ਇੱਕ ਸਿਆਣੀ ਉਮਰ ਦੇ ਇੰਡੋ-ਕਨੇਡੀਅਨ ਆਦਮੀ ਤੋਂ ਚੌਕੰਨੇ ਰਹਿਣ ਲਈ ਕਿਹਾ ਹੈ। ਪੁਲਸ ਨੂੰ ਸ਼ਕਾਇਤ ਮਿਲੀ ਕਿ ਇਸ ਭਲੇਮਾਣਸ ਨੇ ਕੁੱਝ ਦਿਨ ਪਹਿਲਾਂ ਸੈਂਟੀਨੀਅਲ ਪਾਰਕ ਵਿੱਚ ਦੋ ਬੱਚਿਆਂ ਨੂੰ ਖਿਡਾ ਰਹੀ 30 ਸਾਲਾ ਔਰਤ ਨਾਲ ਛੇੜਖਾਨੀ ਕੀਤੀ। ਮਲੋ-ਮੱਲੀ ਉਸ ਦਾ ਹੱਥ ਫੜ ਕੇ ਹੱਥ ਮਿਲਾਉਣ ਲਗਾ। ਇਸ 5'-"9 ਕੱਦ ਵਾਲੇ ਆਦਮੀ ਨੇ ਪਗੜੀ ਬੱਧੀ ਹੋਈ ਸੀ, ਦੰਦ ਉਸ ਦੇ ਬਹੁਤ ਖਰਾਬ ਸਨ। ਪੁਲਸ ਪੜਤਾਲ ਕਰ ਰਹੀ ਹੈ।

ਫ੍ਰੇਜ਼ਰ ਵੈਲੀ ਹੈਲਥ ਰਿਜਨ ਵਲੋਂ ਚਿਤਾਵਨੀ

ਫ੍ਰੇਜ਼ਰ ਵੈਲੀ ਹੈਲਥ ਰਿਜਨ ਦੇ ਅਧਿਕਾਰੀਆਂ ਵਲੋਂ ਆਮ ਸੂਚਨਾ ਦਿੱਤੀ ਗਈ ਹੈ ਕਿ ਜੇ ਤੁਸੀਂ 6 ਮਾਰਚ ਸ਼ਾਮ ਨੂੰ 6 ਵਜੇ ਐਬਟਸਫੋਰਡ ਤੋਂ ਕੈਲਗਰੀ ਜਾ ਰਹੀ ਗ੍ਰੇ-ਹਾਊਂਡ ਬੱਸ ਰਾਹੀਂ ਸਫਰ ਕੀਤਾ ਹੋਵੇ ਜਾਂ 15 ਮਾਰਚ ਨੂੰ ਕੈਲਗਰੀ ਤੋਂ ਸਵੇਰੇ 6-30 ਵਜੇ ਚਲ ਕੇ ਵੈਨਕੂਵਰ ਆਉਣ ਵਾਲੀ ਬੱਸ ਵਿੱਚ ਸਫਰ ਕੀਤਾ ਹੋਵੇ ਤਾਂ ਸੰਭਾਵਨਾ ਹੈ ਕਿ ਉਸ ਬੱਸ ਵਿੱਚ ਸਫਰ ਕਰੇ ਅਤੇ ਖੰਘ ਰਹੇ ਇੱਕ ਟੀ.ਬੀ. ਦੇ ਰੋਗੀ ਤੋਂ ਤੁਹਾਨੂੰ ਟੀ.ਬੀ. ਦੇ ਕੀਟਾਣੂ ਚੰਬੜ ਗਏ ਹੋਣ। ਇਸ ਕਰਕੇ ਕਿਸੇ ਵੀ ਸੰਭਾਵੀ ਖਤਰੇ ਤੋਂ ਬਚੱਣ ਲਈ ਤੁਹਾਨੂੰ ਐਬਟਸਫੋਰਡ ਹੈਲਥ ਯੂਨਿਟ ਨਾਲ ਫੋਨ 864-3400 ਜਾਂ ਮਿਸ਼ਨ ਹੈਲਥ ਯੂਨਿਟ ਨਾਲ ਫੋਨ 820-5500 ਤੇ ਸੰਪਰਕ ਕਰਕੇ ਹੋਰ ਜਾਣਕਾਰੀ ਲੈਣੀ ਚਾਹੀਦੀ ਹੈ। ਇਸ ਸੰਬੰਧ ਵਿੱਚ ਕਿਸੇ ਵੀ ਕਿਸਮ ਦਾ ਅਵੇਸਲਾਪਨ ਹਾਨੀਕਾਰਕ ਹੋ ਸਕਦਾ ਹੈ।

ਦੁਨੀਆਂ ਭਰ ਾਚੋਂ ਸ਼ੱਕਰ-ਰੋਗੀਆਂ ਵਲੋਂ ਫੋਨ ਕਾਲਾਂ

ਜਦੋਂ ਲੋਕਾਂ ਨੇ ਇਹ ਖਬਰ ਸੁਣੀ ਕਿ ਐਡਮੰਟਨ ਦੀ ਅਲਬਰਟਾ ਯੂਨੀਵਰਸਿਟੀ ਦੀ ਇੱਕ ਖੋਜ ਟੀਮ ਸ਼ੱਕਰ-ਰੋਗ ਦਾ ਇਲਾਜ ਲੱਭਣ ਦੇ ਨੇੜੇ ਪਹੁਚ ਗਈ ਹੈ ਤਾਂ ਇਸ ਅਚੰਭੇ ਬਾਰੇ ਜਾਨਣ ਲਈ ਦੁਨੀਆਂ ਭਰ ਦੇ ਵੱਖ ਵੱਖ ਦੇਸ਼ਾਂ ਵਿੱਚੋਂ ਫੋਨ ਕਾਲਾਂ ਆਈਆਂ। ਖੋਜ ਟੀਮ ਨੇ ਕਿਸੇ ਦਾਨੀ ਦੇ ਪੈਨਕਰੀਆਜ਼ (ਪਾਚਨ ਗਿਲਟੀਆਂ) ਵਿੱਚੋਂ ਇਨਸੋਲੀਨ ਪੈਦਾ ਕਰਨ ਵਾਲੇ ਸੈਲੋਂ, ਜੋ ਸ਼ੱਕਰ-ਰੋਗੀਆਂ ਦੇ ਜਿਗਰਾਂ ਵਿੱਚ ਕਾਮਯਾਬੀ ਨਾਲ ਟ੍ਰਾਂਸਪਲਾਂਟ ਕਰ ਦਿੱਤੇ ਹਨ। ਅਲਬਰਟਾ ਫਾਊਂਡੇਸ਼ਨ ਫਾਰ ਡਾਇਬੀਟਿਕ ਰੀਸਰਚ ਦੀ ਡਾਇਰੈਕਟਰ ਜੋਨ ਲੈੱਗਰ ਦਾ ਕਹਿਣਾ ਹੈ ਕਿ ਫੋਨ ਕਰਨ ਵਾਲੇ ਸ਼ੱਕਰ-ਰੋਗੀ ਕਲਿਨੀਕਲ ਪਰਖਾਂ ਵਿੱਚ ਸ਼ਾਮਿਲ ਹੋਣ ਲਈ ਬਹੁਤ ਉਤਾਵਲੇ ਹਨ। ਅਡਮੰਟਨ ਦੀਆਂ ਮੁੱਢਲੀਆਂ ਪਰਖਾਂ/ਜਾਂਚਾਂ ਵਿੱਚ ਸ਼ਾਮਿਲ ਹੋਏ ਕੁੱਝ ਰੋਗੀ ਦਿਨ ਵਿੱਚ 15-15 ਵਾਰ ਇਨਸੋਲੀਨ ਦੇ ਟੀਕੇ ਲਗਾ ਰਹੇ ਸਨ। ਫਾਊਂਡੇਸ਼ਨ ਚੇਅਰਮੈਨ ਬ੍ਰੁੱਕ ਨੇ ਕਿਹਾ ਕਿ ਹੁਣ ਉਨ੍ਹਾਂ ਵਿੱਚੋਂ ਇਕ ਟੀਚਰ ਕੰਮ ਤੇ ਚਲਾ ਗਿਆ ਹੈ। ਉਸ ਨੇ ਇਹ ਵੀ ਦੱਸਿਆ ਕਿ ਇਹ ਟ੍ਰਾਂਸਪਲਾਂਟ ਇੱਕ ਸਾਧਾਰਨ ਇੰਜੈਕਸ਼ਨ ਰਾਹੀਂ ਕੀਤਾ ਜਾਂਦਾ ਹੈ। ਪਿਛੱਲੇ ਦਿਨੀਂ ਸ਼ੱਕਰ-ਰੋਗ ਦੇ ਇਲਾਜ ਵਿੱਚ ਤਰਥੱਲੀ ਮਚਾ ਦੇਣ ਵਾਲੀ ਇਸ ਨਵੀਂ ਖੋਜ ਉਪਰ ਸ਼ਿਕਾਗੋ ਵਿੱਚ ਭਰਪੂਰ ਚਰਚਾ ਹੋਈ।

ਤਜਰਬੇਕਾਰ ਨਰਸਾਂ ਨਵੀਂਆਂ ਨਰਸਾਂ ਲਈ ਸਹਾਇਕ ਹੋ ਸਕਦੀਆਂ ਹਨ।

ਫ੍ਰੇਜ਼ਰ ਵੈਲੀ ਹੈਲਥ ਰਿਜਨ ਦੀ ਭਰਤੀ ਕਰਨ ਦੀ ਨਿਰਦੇਸ਼ਕ ਜੋਇਲ ਰੌਸ ਦਾ ਕਹਿਣਾ ਹੈ ਕਿ ਭਾਵੇਂ ਗ੍ਰੈਜੁਏਟਿੰਗ ਨਰਸਿੰਗ ਪ੍ਰੋਗਰਾਮ ਵਲੋਂ ਨਵੀਂ ਰਜਿਸਟਰਡ ਨਰਸਾਂ ਨੂੰ ਬਹੁਤ ਵਧੀਆ ਸਿਖਲਾਈ ਦਿਤੀ ਜਾ ਰਹੀ ਹੈ ਪਰ ਅਸੀਂ ਪਿਛੱਲੇ ਸਾਲ ਤੋਂ ਨਵੀਆਂ ਨਰਸਾਂ ਦੀ ਸਹਾਇਤਾ ਲਈ ਤਜਰਬੇਕਾਰ ਨਰਸਾਂ ਦਾ ਮੈਂਟਰਿੰਗ ਪ੍ਰੋਗਰਾਮ ਚਲਾਇਆ ਹੈ ਜਿਸ ਵਿੱਚ ਤਜਰਬੇਕਾਰ ਨਰਸਾਂ ਆਪਣਾ ਤਜਰਬਾ ਅਗਵਾਈ ਅਤੇ ਸਹਾਇਤਾ ਦੇ ਰੂਪ ਵਿੱਚ ਨਵੀਆਂ ਨਰਸਾਂ ਨਾਲ ਸਾਝਾਂ ਕਰਦੀਆਂ ਹਨ। ਉਹ ਨਵੀਆਂ ਨਰਸਾਂ ਲਈ ਇੱਕ ਤਰ੍ਹਾਂ ਰੋਲ ਮਾਡਲ ਹੁੰਦੀਆਂ ਹਨ ਅਤੇ ਉਨ੍ਹਾਂ ਦਾ ਆਪਸੀ ਤਾਲ-ਮੇਲ ਨਵੇਂ ਉਤਸੁਕ ਗ੍ਰੈਜੁਏਟਾਂ ਲਈ ਬੜਾ ਹੀ ਵੱਡਮੁਲਾ ਹੁੰਦਾ ਹੈ।

ਯੂ.ਸੀ.ਐਫ.ਵੀ. ਦੇ ਐਬਟਸਫੋਰਡ ਕੈਂਪਸ ਵਿੱਚ ਨਵਾਂ ਜਿੱਮ

ਸਥਾਨਕ ਕਾਲਜ ਵਿੱਚ ਜਿਸ ਜਿਮਨੇਜ਼ੀਅਮ ਦੀ ਚਿਰਾਂ ਤੋਂ ਉਡੀਕ ਕੀਤੀ ਜਾ ਰਹੀ ਸੀ ਉਹ ਇਸ ਸਾਲ ਦੇ ਆਖਰੀ ਮਹੀਨਿਆ ਵਿੱਚ ਬਣ ਕੇ ਤਿਆਰ ਹੋ ਜਾਵੇਗਾ। ਮਿਸ਼ਨ ਕੈਂਟ ਦੇ ਐਮ.ਐਲੱ.ਏ. ਡੈਨਿਸ ਸਟ੍ਰੀਫਲ ਵਲੋਂ ਇਸ ਕਾਰਜ ਲਈ $1.4 ਮਿਲੀਅਨ ਗਰਾਂਟ ਦਾ ਐਲਾਨ ਕੀਤਾ ਗਿਆ ਹੈ। $3.00 ਮਿਲੀਅਨ ਦੇ ਇਸ ਪ੍ਰੋਜੈਕਟ ਵਿੱਚ ਬਾਕੀ ਦਾ ਪੈਸਾ ਵਿਦਿਆਰਥੀ ਯੂਨੀਅਨ ਅਤੇ ਕਾਲਜ ਵਲੋਂ ਪਾਇਆ ਜਾਵੇਗਾ। ਬਾਸਕਿਟਬਾਲ ਦੇ ਕੋਚਾਂ ਪੈਟ ਲੀਅ ਅਤੇ ਸੈਂਡੀ ਚੈਂਬਰ ਦਾ ਕਹਿਣਾ ਹੈ ਕਿ ਬਹੁਤ ਸਾਰੀਆਂ ਖੇਡਾਂ ਲਈ ਸਾਨੂੰ ਸਥਾਨਕ ਸਕੂਲਾਂ ਵਿੱਚ ਜਾਣਾ ਪੈਂਦਾ ਸੀ ਜਿਸ ਦਾ ਪ੍ਰਬੰਧ ਕਰਨ ਲਈ ਸਾਡਾ ਬਹੁਤ ਸਾਰਾ ਸਮਾਂ ਅਵਾਈਂ ਚਲਿਆ ਜਾਂਦਾ ਸੀ। ਜਿੱਮ ਦੀ ਅਣਹੋਂਦ ਵਿੱਚ ਅਸੀਂ ਆਪਣੀਆਂ ਪ੍ਰਾਪਤੀਆਂ - ਟ੍ਰਾਫੀਆਂ, ਪ੍ਰਸ਼ੰਸ਼ਾਂ ਪਤਰਾਂ - ਦੀ ਪ੍ਰਦਰਸ਼ਨੀ ਕਿਤੇ ਵੀ ਨਹੀਂ ਸੀ ਕਰ ਸਕਦੇ। ਹੁਣ ਅਸੀ ਕਹਿ ਸਕਾਂਗੇ ਕਿ ਸਾਡੇ ਕੋਲ ਆਪਣੀ ਥਾਂ ਹੈ - ਖੇਡਾਂ ਲਈ ਅਤੇ ਹੋਰ ਸਭਿਆਚਾਰਕ ਸਰਗਰਮੀਆਂ ਲਈ।

ਦੋ ਆਦਮੀਆਂ ਦੀ ਲੜਾਈ ਸਮੇਂ ਪੁਲਿਸ ਕਾਰ ਨੂੰ ਰਗੜਾ

ਕੁੱਝ ਦਿਨ ਪਹਿਲਾਂ ਐਬਟਸਫੋਰਡ ਡਾਊਨ ਟਾਊਨ ਵਿਖੇ ਦੋ ਆਦਮੀਆਂ ਦਾ ਆਪਸ ਵਿੱਚ ਝਗੜਾ ਹੋ ਗਿਆ। ਉਹ ਆਪਸ ਵਿੱਚ ਉਲਝ ਪਏ। ਗਲ ਉਦੋਂ ਵੱਧ ਗਈ ਜਦੋਂ ਇੱਕ ਆਦਮੀ ਦਾ ਮਿੱਤਰ ਵੀ ਵਿੱਚ ਆ ਵੜਿਆ। ਦੋਨਾਂ ਨੇ ਤੀਜੇ ਨੂੰ ਇੰਨਾਂ ਕੁਟਾਪਾ ਚਾੜਿਆ ਕਿ ਉਹ ਬੇਹੋਸ਼ ਹੋ ਗਿਆ। ਪਹਿਲਾਂ ਉਸ ਨੂੰ ਐਮ.ਐਸ.ਏ. ਹਸਪਤਾਲ ਲਿਜਾਇਆ ਗਿਆ। ਪਰ ਉਸ ਦੀ ਹਾਲਤ ਖਰਾਬ ਹੋਣ ਕਰਕੇ ਕੋਲੰਬੀਆ ਹਸਪਤਾਲ ਭੇਜ ਦਿੱਤਾ ਗਿਆ। ਇਹ ਵਾਰਦਾਤ ਐਨੀਮਲ ਨਾਈਟ ਕਲੱਬ ਵਿਖੇ ਵਾਪਰੀ ਜਦੋਂ ਪੁਲੀਸ ਵਾਲੇ ਲੜਾਈ ਵਾਲੀ ਥਾਂ ਤੇ ਰੁਝੇ ਹੋਏ ਸਨ ਤਾਂ ਪਾਲੀਨ ਸਟ੍ਰੀਟ ਤੇ ਪਾਰਕ ਕੀਤੀ ਕਾਰ ਨੂੰ ਵੇਖ ਕੇ ਕਿਸੇ ਨੂੰ ਅਕਾਰਣ ਗੁੱਸਾ ਚੜ੍ਹ ਗਿਆ ਤੇ ਉਹ ਉਸ ਦੇ ਲਗ-ਭਗ ਸਾਰੇ ਸ਼ੀਸ਼ੇ ਤੋੜ ਗਏ। ਜੇ ਕਿਸੇ ਨੂੰ ਉਸ ਸ਼ਰਾਰਤੀ ਬਾਰੇ ਕੁੱਝ ਪਤਾ ਹੋਵੇ ਤਾਂ 859-5225 ਤੇ ਫੋਨ ਕਰਕੇ ਸੂਹ ਦੇ ਸਕਦੇ ਹਨ।

ਏਸ਼ੀਆਈ ਪ੍ਰਭਾਵ ਵੈਲੀ ਵਿੱਚ

ਐਬਟਸਫੋਰਡ ਪੁਲੀਸ ਵਲੋਂ ਸ਼ੱਕੀ ਭੰਗ ਜਾਂ ਸੁਲਫਾ ਦਾ ਧੰਧਾ ਕਰਨ ਵਾਲੇ ਜਾਂ ਅਜਿਹੇ ਨਸ਼ੀਲੇ ਪੌਦੇ ਉਗਾਉਣ ਵਾਲਿਆਂ ਦਾ ਸ਼ਿਕੰਜਾ ਕਸੱਣ ਲਈ ਸਪੈਸ਼ਲ ਟਾਸਕ ਫੋਰਸ ਸਥਾਪਿਤ ਕੀਤੀ ਹੈ।

(ਬਾਕੀ ਸਫਾ 25 ਤੇ)

HANGER 13
BAR & GRILL

INDIAN CLUB NIGHT AT HANGER 13, LAMB ROAST ON A BBQ DESI PUNJABI STYLE.
ਇੰਡਿਅਨ ਕਲੱਬ ਨਾਈਟ ਤੇ ਪੰਜਾਬੀ ਦੇਸੀ ਸਟਾਇਲ ਬਾਰਬੇਕਿਉ - ਰੋਸਟ ਲੈਂਬ ਦੇ ਨਾਲ ਹੋ ਰਹੀ ਹੈ।

LIVE PUNJABI ENTERTAINMENT
ਲਾਈਵ ਪੰਜਾਬੀ ਐਂਟਰਟੇਨਮੈਂਟ

BBQ STARTS AT 7:00 PM
BAND WILL START AT 8:00
ਬਾਰਬੇਕਿਉ - ਪੂਰੇ 7.00 ਵਜੇ
ਬੈਂਡ - ਪੂਰੇ 8.00 ਵਜੇ

Live Punjabi Bands

$10.00 ALL YOU CAN EAT
ਟਿਕਟ: $10.00 ਵਿਚ ਤੁਸੀਂ ਜਿਨਾਂ ਮਰਜੀ ਖਾ ਸਕਦੇ ਹੋ

PHONE 556-3976 FOR DIRECTIONS AND RESERVATIONS
ਹੋਰ ਜਾਣਕਾਰੀ ਲਈ ਫੋਨ 556 - 3976

SATURDAY JUNE 3, 2000
ਦਿਨ ਸ਼ਨਿਚਰਵਾਰ ਜੂਨ 3, 2000

(ਸਫਾ 24 ਦਾ ਬਾਕੀ ਹਿਸਾ) ਇਸ 14 ਮੈਂਬਰੀ ਟਾਸਕ ਫੋਰਸ ਨੇ ਪਿਛਲੇ ਕੁਝ ਦਿਨਾਂ ਵਿੱਚ ਇਹੋ ਜਿਹੇ 7 ਠਿਕਾਣਿਆ ਦਾ ਪਤਾ ਲਗਾਇਆ ਅਤੇ 8 ਆਦਮੀ ਗਿਰਫਤਾਰ ਕੀਤੇ ਹਨ। ਐਬਟਸਫੋਰਡ ਪੁਲੀਸ ਮੁੱਖੀ ਬੈਰੀ ਡੋਨੀਅਲ ਦਾ ਕਹਿਣਾ ਹੈ ਕਿ ਸ਼ਹਿਰ ਵਾਸੀਆਂ ਵਿੱਚ ਅਜਿਹੇ ਸਮਾਜ ਵਿਰੋਧੀ ਧੰਧਾ ਕਰਨ ਵਾਲਿਆਂ ਪ੍ਰਤੀ ਜਾਗ੍ਰਿਤਾ ਪੈਦਾ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਰਾਹੀਂ ਉਹ ਆਪਣੇ ਆਂਢ-ਗੁਆਂਢ ਵਿੱਚ ਅਜਿਹੇ ਅਨਸਰਾਂ ਦੀ ਉਹ ਪਛਾਣ ਕਰ ਸਕਣਗੇ। ਪੁਲੀਸ ਦਾ ਵਿਚਾਰ ਹੈ ਕਿ ਵੈਨਕੂਵਰ ਖੇਤਰ ਵਿੱਚ ਜੋ ਵੀਟਨਾਮੀ ਇਹ ਧੰਧਾ ਕਰ ਰਹੇ ਹਨ, ਉਹ ਵੈਲੀ ਵਿੱਚ ਵੀ ਆ ਰਹੇ ਹਨ। ਕੁੱਝ ਤਾਂ ਰਹਿੰਦੇ ਉਥੇ ਹਨ, ਪਰ ਐਬਟਸਫੋਰਡ ਵਿੱਚ ਮਕਾਨ ਕਰਾਏ ਤੇ ਲੈ ਕੇ ਇਥੇ ਸੁੱਖਾ ਪੈਦਾ ਕਰਨ ਦਾ ਕੰਮ ਕਰ ਰਹੇ ਹਨ। ਇਹ ਧੰਧਾ ਹੋਰ ਵੀ ਕਈ ਅਪਰਾਧਾਂ ਨੂੰ ਜਨਮ ਦਿੰਦਾ ਹੈ। ਇਥੋਂ ਤੱਕ ਇਸ ਧੰਧੇ ਦੇ ਸਿੱਟੇ ਵਜੋਂ ਕੁੱਝ ਕਤਲ ਵੀ ਹੋ ਚੁੱਕੇ ਹਨ। ਇਸ ਕਰਕੇ ਆਮ ਲੋਕਾਂ ਨੂੰ ਇਸ ਸੰਬੰਧੀ ਆਪ ਚੌਕੰਨੇ ਹੋਣਾ ਹੈ।

ਸਥਾਨਕ ਮੇਅਰ ਦੀ ਤਨਖਾਹ ਵਿੱਚ ਵਾਧਾ

ਐਬਟਸਫੋਰਡ ਦੇ ਤਿੰਨ ਸ਼ਹਿਰੀਆਂ ਦੀ ਕਮੇਟੀ ਨੇ ਸਫਾਰਸ਼ ਕੀਤੀ ਹੈ ਕਿ ਸ਼ਹਿਰ ਦੇ ਮੇਅਰ ਮਿ: ਫਰਗੂਸਨ ਦੀ ਤਨਖਾਹ $54,000 ਸਾਲਾਨਾ ਤੋਂ ਵਧਾ ਕੇ $60,500 ਕੀਤੀ ਜਾਵੇ ਕਿਉਂਕਿ ਉਹ ਹੋਰ ਸ਼ਹਿਰਾਂ ਦੇ ਮੇਅਰਾਂ ਨਾਲੋਂ ਬਹੁਤ ਘੱਟ ਵੇਤਨ ਲੈ ਰਹੇ ਹਨ। ਇਸ ਕਮੇਟੀ ਨੇ ਕਾਉਂਸਲਰਾਂ ਦੀ ਤਨਖਾਹ ਵੀ $18,000 ਤੋਂ ਵਧਾ ਕੇ $18144 ਕਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਹੋਈ ਚਰਚਾ ਵਿੱਚ ਕਾਉਂਸਲਰਾਂ ਨੇ ਮੇਅਰ ਦੀ ਤਨਖਾਹ ਵਧਾਉਣ ਦਾ ਫੈਸਲਾ ਅੱਗੇ ਪਾ ਦਿੱਤਾ ਸੀ। ਪਿਛੱਲੇ ਪੰਜ ਸਾਲਾਂ ਤੋਂ ਕਾਉਂਸਲਰਾਂ ਅਤੇ ਮੇਅਰ ਦੀ ਤਨਖਾਹ ਵਿੱਚ ਕੋਈ ਵ੍ਰਿਧੀ ਨਹੀਂ ਹੋਈ।

ਹਾਊਸਿੰਗ ਅਤੇ ਜ਼ਰਾਇਤੀ ਖੇਤਰਾਂ ਵਿੱਚ ਪਸਾਰ

ਐਬਟਸਫੋਰਡ ਸ਼ਹਿਰ ਦੇ ਵਿਕਾਸ ਡਾਇਰੈਕਟਰ ਰਿਚਰਡ ਡੈਨਜ਼ੀਗਰ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਉਪਲਭਧ ਅੰਕੜੇ ਦਸਦੇ ਹਨ ਕਿ ਅਪ੍ਰੈਲ ਦੇ ਅੰਤ ਤੱਕ ਘਰਾਂ ਦੀ ਉਸਾਰੀ $11.7 ਮਿਲੀਅਨ ਦੇ ਪਰਮਿਟ ਪਿਛਲੇ ਸਾਲ ਦੇ ਬਰਾਬਰ ਹੀ ਹਨ, ਪਰ ਬਹੁ-ਪਰਵਾਰਕ ਘਰਾਂ ਦੀ ਉਸਾਰੀ ਵਿੱਚ ਬਹੁਤ ਵਾਧਾ ਹੋਇਆ ਹੈ। ਪਿਛੱਲੇ ਸਾਲ ਬਹੁ-ਪਰਵਾਰਕ ਪ੍ਰੋਜੈਕਟਾਂ ਲਈ ਕੋਈ ਪਰਮਿਟ ਜਾਰੀ ਨਹੀਂ ਹੋਇਆ ਸੀ ਜਦੋਂ ਕਿ ਇਸ ਸਾਲ ਅਜਿਹੇ 43 ਪਰਮਿਟ ਦਿਤੇ ਗਏ ਹਨ ਜਿੰਨਾਂ ਦੀ ਲਗ-ਭਗ ਲਾਗਤ $6.6 ਮਿਲੀਅਨ ਹੋਵੇਗੀ। ਜਰਾਇਤੀ ਖੇਤਰ ਵਿੱਚ ਪਸਾਰਾ ਲਗਾਤਾਰ ਵੱਧ ਰਿਹਾ ਹੈ। ਇਸ ਖੇਤਰ ਦੀ ਪਿਛਲੇ ਸਾਲ ਦੀ ਉਸਾਰੀ $4.7 ਮਿਲੀਅਨ ਸੀ ਜੋ ਹੁਣ $7 ਮਿਲੀਅਨ ਹੋ ਗਈ ਹੈ। ਕਮਰਸ਼ਲ ਉਸਾਰੀ ਹੁਣ ਤੱਕ ਬਹੁਤ ਘੱਟ ਹੈ ਪਰ ਮਾਰਸ਼ਲ ਰੋਡ ਉਪਰ ਵਾਲ-ਮਾਰਟ ਵਿਕਾਸ ਪ੍ਰੋਜੈਕਟ, ਕਿੰਗ ਰੋਡ ਉਪਰ ਰਿਜਨਲ ਹੈਲਥ ਸੈਂਟਰ ਅਤੇ ਵੱਖ ਵੱਖ ਸਕੂਲਾਂ ਦੇ ਪ੍ਰੋਜੈਕਟਾਂ ਵਾਸਤੇ ਜਾਰੀ ਹੋਣ ਵਾਲੇ ਪਰਮਿਟਾਂ ਨਾਲ ਕਮਰਸ਼ਲ ਉਸਾਰੀ ਕਾਫੀ ਹੋ ਜਾਵੇਗੀ।

16 ਸਾਲਾ ਲੜਕੀ ਨੂੰ ਅਗਵਾ ਕਰਨ ਵਾਲੇ ਦੀ ਪੁਲਸ ਵਲੋਂ ਤਲਾਸ਼

ਕੁੱਝ ਦਿਨ ਪਹਿਲਾਂ ਰਾਤ ਦੇ 11 ਵਜੇ ਇੱਕ ਅੱਧਖੜ ਆਦਮੀ 16 ਸਾਲਾ ਲੜਕੀ ਨੂੰ ਜ਼ਬਰਦਸਤੀ ਆਪਣੇ ਪੁਰਾਣੇ ਟੋਇਟਾ ਪਿੱਕ-ਅੱਪ ਵਿੱਚ ਬਿਠਾ ਕੇ ਲੈ ਗਿਆ। ਇਹ ਘਟਨਾ ਐਬਟਸਫੋਰਡ ਵਿੱਚ ਬ੍ਰਲਿਊਰਿੰਜ ਤੇ ਵਾਪਰੀ ਜਦੋਂ ਉਹ ਆਪਣੇ ਮਿਤੱਰ-ਲੜਕੇ ਦੇ ਘਰੋਂ ਨਿਕਲੀ। ਪੁਲਸ ਕਾਂਸਟੇਬਲ ਡੋਲ ਕ੍ਰੈਸਵੈਲੋਂ ਦਾ ਕਹਿਣਾ ਕਿ ਲੜਕੀ ਨੇ ਉਸ ਆਦਮੀ ਵਲੋਂ ਰਾਈਡ ਦੇਣ ਲਈ ਕੀਤੀ ਗਈ ਪੇਸ਼ਕਸ਼ ਠੁਕਰਾ ਦਿੱਤੀ ਪਰ ਉਸ ਨੇ ਲੜਕੀ ਨੂੰ ਬਾਹੋਂ ਫੜ ਕੇ ਟ੍ਰੱਕ ਵਿੱਚ ਬਿਠਾ ਲਿਆ। ਉਸ ਸਹਿਮੀ ਅਤੇ ਡਰੀ ਹੋਈ ਲੜਕੀ ਦਾ ਬਚਾਓ ਉਦੋਂ ਹੋਇਆ ਜਦੋਂ ਉਸ ਆਦਮੀ ਨੇ ਆਪਣਾ ਪਿੱਕ-ਅੱਪ ਡੋਂਜ਼ ਰੋਡ ਤੇ ਮੈਨੋਨਾਈਟ ਸਕੂਲ ਦੀ ਗ੍ਰਾਊਂਡ ਵਿੱਚ ਪਾਰਕ ਕੀਤਾ। ਲੜਕੀ ਛਾਲ ਮਾਰ ਕੇ ਗੁਆਂਢੀ ਘਰਾਂ ਤੋਂ ਸਹਾਇਤਾ ਲਈ ਚੀਕਾਂ ਮਾਰਦੀ ਭੱਜ ਨਿਕਲੀ। ਪੁਲਸ ਉਸ 45-50 ਸਾਲਾ, ਦਰਮਿਆਨਾ ਕੱਦ ਵਾਲੇ ਦੋਸ਼ੀ ਦੀ ਤਲਾਸ਼ ਕਰ ਰਹੀ ਹੈ।

ਮੋਟਰ ਸਾਈਕਲਿਸਟ ਵਲੋਂ ਪੁਲਸ ਅਫਸਰ ਨੂੰ ਘਿਚਾਨੀ

ਕੁੱਝ ਦਿਨ ਪਹਿਲਾਂ ਜਨਮ ਦਿਨ ਦੀ ਖੁਸ਼ੀ ਵਿੱਚ ਇੱਕ 24 ਸਾਲਾ ਨੌਜਵਾਨ ਆਪਣਾ ਮੋਟਰ ਸਾਈਕਲ ਪ੍ਰਵਾਣਿਤ ਰਫਤਾਰ ਤੋਂ ਵੱਧ ਚਲਾ ਰਿਹਾ ਸੀ ਤਾਂ ਉਹ ਇੱਕ ਪੁਲਸ ਅਫਸਰ ਦੀ ਨਜ਼ਰੀ ਪਿਆ। ਐਬਟਸਫੋਰਡ ਪੁਲਸ ਅਫਸਰ ਵੀ ਮੋਟਰ ਸਾਈਕਲ ਤੇ ਸੀ। ਜਦੋਂ ਉਸ ਨੇ ਨੌਜਵਾਨ ਨੂੰ ਰੋਕਿਆ ਤਾਂ ਅਫਸਰ ਨੇ ਉਸ ਦਾ ਪਲੇਟ ਨੰਬਰ ਨੋਟ ਕੀਤਾ ਪਰ ਉਹ ਮੋਟਰ ਸਾਈਕਲ ਭਜਾ ਕੇ ਲੈ ਗਿਆ। ਪੁਲਸ ਅਫਸਰ ਨੇ ਇੱਕ ਪੈਟਰੋਲ ਕਰ ਰਹੀ ਕਾਰ ਦੀ ਸਹਾਇਤਾ ਨਾਲ ਉਸ ਦਾ ਪਿੱਛਾ ਕੀਤਾ ਪਰ ਹੰਟਿਗਡਨ ਏਰੀਆ ਵਿੱਚ ਉਹ ਉਨ੍ਹਾਂ ਨੂੰ ਘਚਾਨੀ ਦੇ ਕੇ ਅਲੋਪ ਹੋ ਗਿਆ। ਕੁੱਝ ਹੀ ਸਮੇਂ ਪਿੱਛੋਂ ਹਾਈ ਵੇਅ 11 ਉਪਰ ਉਹ ਫਿਰ ਪੁਲਸ ਦੇ ਕਾਬੂ ਆ ਗਿਆ। ਉਸ ਉਪਰ ਪੁਲਸ ਦੇ ਕੰਮ ਵਿੱਚ ਰੁਕਾਵਟ ਪਾਉਣ ਅਤ

ਸਾਹਿਤਿਕ ਪੰਨਾ

"ਮੇਲੇ ਵਿੱਚ ਕਬੱਡੀ"

ਕਰਨੈਲ ਸਿੰਘ "ਕੈਲ" (ਸਿਆਟਲ)

ਜਿਵੇਂ ਗਿੱਧੇ ਵਿੱਚ ਮੇਲਣ ਦੀ ਗੁੱਤ ਮੇਲਦੀ
ਇਵੇਂ ਪਿੰਡਾਂ ਵਿੱਚ ਮੇਲਿਆਂ ਦੀ ਰੁੱਤ ਖੇਲਦੀ
ਮੇਲਿਆਂ ਦੇ ਸੁਨੇਹੇ ਲੈ ਅਖ਼ਬਾਰ ਭਜਦੇ
ਪਿੰਡੋ ਪਿੰਡੀ ਖੇਡਾਂ ਦੇ ਇਸ਼ਤਿਹਾਰ ਲਗਦੇ
ਕਿਹੜੇ ਗਾਉਣ ਵਾਲੇ ਉਥੇ ਖਾੜਾ ਲਾਉਣਗੇ
ਮੁੱਖ ਮਹਿਮਾਨ ਕੌਣ ਕੌਣ ਉਥੇ ਆਉਣਗੇ
ਮੇਲੀਉ ਓ ਮੇਲਾ ਵੇਖ ਆਈਏ ਜੱਗ ਦਾ
ਭਰ ਜਾਂਦਾ ਮੇਲਾ ਜਦੋਂ ਢੋਲ ਵਜਦਾ
ਨੱਚ ਪੈਂਦਾ ਮੇਲਾ ਜਦੋਂ.....-

ਮੂਹਰੇ ਜਾਵੇ ਸਾਧ ਪਿੱਛੇ ਚੇਲਾ ਭੱਜਿਆ
ਮੂਹਰੇ ਬਾਬਾ ਪਿੱਛੇ ਪੋਤਾ ਗੇਲਾ ਭੱਜਿਆ
ਤਾਂਗਾ ਬੈਲ ਗੱਡੀ ਰੇਹੜੀ ਠੇਲਾ ਭੱਜਿਆ
ਚਲੋ ਛੇਤੀ ਭੱਜੇ ਜਾਵੇ ਵੇਲਾ ਭੱਜਿਆ
ਪਹੁੰਚ ਗਏ ਉਥੇ ਜਿੱਥੇ ਮੇਲਾ ਲਗਿਆ
ਬੱਲੇ ਬੱਲੇ ਹੋਗੀ ਜਦੋਂ ਢੋਲ ਵੱਜਿਆ
ਟੈਂਟ ਦਾਬੇ ਝੰਡੀਆਂ ਨਾ ਮੇਲਾ ਫੱਬਦਾ
ਭਰ ਜਾਂਦਾ ਮੇਲਾ ਜਦੋਂ ਢੋਲ ਵਜੱਦਾ
ਨੱਚ ਪੈਂਦਾ ਮੇਲਾ ਜਦੋਂ .....-

ਮੱਥਾ ਟੇਕ ਪਾਲੇ ਉਤੇ ਥਾਪੀ ਮਾਰ ਕੇ
ਚਲਿਆ ਏ ਧਾਵੀ ਬੜਾ ਲਲਕਾਰ ਕੇ
ਕੋਈ ਆਖੇ ਬਿਜਲੀ ਕੋਈ ਆਖੇ ਛੁਰਲੀ
ਕੱਠੇ ਹੋ ਗਏ ਧਾਵੀ ਜਦੋਂ ਮਾਰੇ ਧੁਰਲੀ
ਟੱਚ ਕਰ ਆਇਆ ਜਦੋਂ ਅੱਗੇ ਵੱਧ ਕੇ
ਸੁੱਟ ਲਿਆ ਪਿੱਛੋਂ ਬਈ ਜਾਫੀ ਨੇ ਭੱਜ ਕੇ
ਖਿੱਚ ਲੈ ਉਏ ਧੂ ਲੈ ਬਾਹਰੋਂ ਰੌਲਾ ਪੈ ਗਿਆ
ਲੋਕੀਂ ਕਹਿੰਦੇ ਸੱਪ ਨੂੰ ਨਿਉਲਾ ਲੈ ਗਿਆ
ਬਈ ਮਾਰ ਛੱਡੂ ਅੱਜ ਨਹੀਂ ਜਿਉਂਦਾ ਛੱਡਦਾ
ਬੱਲੇ, ਨੱਚ ਪੈਂਦਾ ਮੇਲਾ ਜਦੋਂ ਢੋਲ ਵੱਜਦਾ
ਉਦੋਂ ਡਿਗਦੇ ਨੇ ਨੋਟ ਜਦੋਂ .....-

ਕੌਡੀ ਕੌਡੀ ਕਹਿੰਦਾ ਧਾਵੀ ਪਾਲਾ ਵਲਦਾ
ਅੱਗੇ ਖੜਾ ਜਾਫੀ ਹੱਥੀ ਮਿੱਟੀ ਮਲਦਾ
ਪੈਂਦੇ ਨੇ ਜੜਾਕੇ ਓ ਜਦੋਂ ਹੱਥ ਜੁੜਦੇ
ਜੋਰ ਵਾਲੇ ਮੁੰਡੇ ਪੈਂਟ੍ਹ ਲੈ ਕੇ ਮੁੜਦੇ
ਕੌਡੀ ਬਿਨਾਂ ਕਦੇ ਵੀ ਮੇਲਾ ਨਹੀਂ ਫਬਦਾ
ਹੱਥ ਲਾਕੇ ਧਾਵੀ ਜਾਂ ਸਿਰ ਤੋੜ ਭੱਜਦਾ
ਪੈਂਟ੍ਹ ਪੈਂਟ੍ਹ ਉਤੇ ਜਦੋਂ ਢੋਲ ਵਜਦਾ
ਬੱਲੇ ਨੱਚ ਪੈਂਦਾ ਮੇਲਾ ਜਦੋਂ.....

ਆਇਆ ਫੇਰ ਧਾਵੀ ਪਾਲਾ ਵਲੀ ਜਾ ਰਿਹਾ
ਅੱਗੋਂ ਧਾਵੀ ਨੀਵਾਂ ਹੋ ਹੋ ਦਾਅ ਤਕਾ ਰਿਹਾ
ਆਹ ਲੈ ਵੱਜੀ ਧੌਲ ਤੇ ਨਿਆਣਾ ਪੈ ਗਿਆ
ਟੁੱਟ ਗਿਆ ਸਾਹ ਪੈਂਟ੍ਹ ਏਥੇ ਈ ਰਹਿ ਗਿਆ
ਰੈਫਰੀ ਨੇ ਲੰਮੀ ਸਾਰੀ ਸੀਟੀ ਮਾਰ ਕੇ
ਮੋੜ ਦਿੱਤਾ ਧਾਵੀ ਪਿੱਛੇ ਮਿੱਟੀ ਛਾੜ ਕੇ
ਪੈਂਟ੍ਹ ਲੈਣ ਵਾਲਾ ਬਾਹਾਂ ਚੁੱਕ ਗੱਜਦਾ
ਬੜੇ ਡਿੱਗਦੇ ਨੇ ਨੋਟ ਜਦੋਂ .....

ਲੰਮੀ ਸੀਟੀ ਵੱਜੀ ਤੇ ਫੁਰਮਾਨ ਹੋ ਗਿਆ
ਮੇਲਾ ਬੰਦ ਹੋਣ ਦਾ ਐਲਾਨ ਹੋ ਗਿਆ
ਇਨਾਮ ਵੰਡ ਹੋਈ ਜਦੋਂ ਜਿੱਤ ਹਾਰ ਦੀ
ਜੇਤੂ ਟੀਮ ਮੇਲਿਉਂ ਗਈ ਚੀਕਾਂ ਮਾਰ ਦੀ
ਅਗਲੇ ਪੜਾਅ ਚ ਮੇਲਾ ਕਿੱਥੇ ਲੱਗਣਾ
ਉਥੇ ਜਾਕੇ ਜਿੱਤ ਵਾਲਾ ਝੰਡਾ ਗੱਡਣਾ
ਮੀਡੀਏ ਰਾਹੀਂ "ਕੈਲ" ਉਥੇ ਪਿੜ ਬੱਝਦੀ,
ਬੱਲੇ ਬੱਲੇ ਹੋਵੇ ਜਦੋਂ ਢੋਲ ਵਜਦਾ
ਨੱਚ ਪੈਂਦਾ ਮੇਲਾ ਜਦੋਂ .....

ਇਕ ਕਵਿਤਾ

ਕਿਸੇ ਗੁਆਂਢਣ ਨੇ ਆਖਿਆ ਮਾਏਂ।
ਤੇਰਾ ਪਿਓ ਭਰਾ ਗਿਆ ਆਏ,
ਜੀ ਵਿੱਚ ਹੋਈਆਂ ਸ਼ਾਦੀਆਂ, ਮਾਏ।
ਮੇਰੇ ਮਨ ਵਿੱਚ ਹੋਇਆ ਏ ਚਾਇ,
ਮੇਰੀ ਗਵੀਏ ਰਾਜ ਬਹਾਲੀਏ
ਮੇਰੀ ਸਦਾ ਸੁਖਾਲੀਏ
ਪੁਤੱਰਾਂ ਵਾਲੀਏ ਮਾਏਂ।

ਪੱਕੀ ਖੂਰੀ ਘੜਾ ਰੰਮਲਾ
ਨੀ ਜਿੱਥੋਂ ਅੰਬੜਿ ਪਾਣੀ ਭਰਾ
ਇੱਕ ਭਰ ਧਰੇ ਦੂਜਾ ਸਿਰ ਧਰੇ
ਨੀ ਸਾਨੂੰ ਧੀਆਂ ਨੂੰ ਯਾਦ ਕਰੇ
ਮੇਰੀ ਗਵੀਏ ਰਾਜ ਬਹਾਲੀਏ
ਮੇਰੀ ਸਦਾ ਸੁਖਾਲੀਏ,
ਪੁਤੱਰਾਂ ਵਾਲੀਏ ਮਾਏਂ।

ਛਾਂ ਢੱਲ ਪ੍ਰਛਾਵੇਂ ਬਹਿੰਦੀਆਂ ਮਾਏਂ
ਅਸੀਂ ਮਾਵਾਂ ਤੇ ਧੀਵੜੀਆਂ
ਨੀ ਮੈਂ ਸਿਰ ਗੁੰਦਾ ਤੌਂਡੜਾਂ ਮਾਏਂ
ਤੂੰ ਕਰੇ ਗੱਲਾਂ ਮਿੱਠੜੀਆਂ
ਮੇਰੀ ਗਵੀਏ ਰਾਜ ਬਹਾਲੀਏ
ਪੁਤੱਰਾ ਵਾਲੀਏ ਮਾਏਂ।

ਅੰਬੜਿ ਅੰਬੜਿ ਕਰਾਂ ਮੈਂ ਮਾਰੇ
ਮੇਰੀ ਅੰਬੜੀ ਕੇਰਾ ਹਿੱਤ ਨੀ
ਮਨੋ ਵਿਸਾਰ ਧੀਵੜੀ ਮਾਏਂ
ਮੇਰੀ ਅੰਮੀ ਸੁਖਾਲੜਾ ਚਿੱਤ ਨੀ
ਮੇਰੀ ਗਵੀਏ ਰਾਜ ਬਹਾਲੀਏ
ਪੁਤੱਰਾਂ ਵਾਲੀਏ ਮਾਏਂ।

ਕੰਧ ਕੰਧਾਰੀ ਬੈਠੀ ਹਾਂ ਮਾਏਂ
ਮੇਰਾ ਚਿੱਤ ਭਰਾਵਾਂ ਦੇ ਵਿੱਚ ਨੀ
ਮੇਰੇ ਨੈਣ ਛਮ ਰੋਂਵਦੇ
ਮੇਰਾ ਕਾਲਜੇ ਧੂਹੂਦੀ ਖਿੱਚ ਨੀ
ਮੇਰੀ ਗਵੀਏ ਰਾਜ ਬਹਾਲੀਏ
ਪੁਤੱਰਾਂ ਵਾਲੀਏ ਮਾਏਂ।

ਬੁੱਲ੍ਹਾਂ ਦੀ ਮੁਸਕਾਨ

ਸਵਰਨ ਪੱਲ੍ਹਾ, ਦੋਰਾਹਾ (ਇੰਡੀਆ)

ਮੈਂ ਬੁੱਲਾਂ ਦੀ ਮੁਸਕਾਨ ਬੱਲੇ, ਲੱਖ, ਦਰਦ ਲੁਕਾਈ ਫਿਰਦਾ ਹਾਂ
ਟੁੱਟੇ ਹੋਏ ਦਿਲ ਦੇ ਟੁਕੜਿਆਂ ਨੂੰ, ਝੋਲੀ ਵਿੱਚ ਪਾਈ ਫਿਰਦਾ ਹਾਂ
ਮੈਨੂੰ ਲੋਕੀ ਹਸ ਮੁੱਖ ਕਹਿੰਦੇ ਨੇ, ਹਰ ਵੇਲੇ ਖਿੜਿਆ ਰਹਿੰਦਾ ਹਾਂ
ਮੈਂ ਹੀ ਜਾਣਾ ਖੁਸ਼ੀਆਂ ਦਾ ਕਿੰਜ ਢੋਂਗ ਰਚਾਈ ਫਿਰਦਾ ਹਾਂ
ਮੈਂ ਬੁੱਲ੍ਹਾਂ ਦੀ .....

ਮੇਰੇ ਹਾਸੇ ਨਾਲ ਸਭ ਹੱਸਦੇ ਨੇ, ਪਰ ਨਹੀਂ ਰੋਂਦੇ ਕਦੇ ਰੋਂਦੇ ਨਾਲ
ਹਰ ਹਾਲ ਚ ਹੱਸਕੇ ਜੀਵਨ ਨੂੰ , ਮੈਂ ਧਰਮ ਬਣਾਈ ਫਿਰਦਾ ਹਾਂ
ਮੈਂ ਬੁੱਲ੍ਹਾਂ ਦੀ .....-

ਮੈਨੂੰ ਪਿਆਰ ਕਿਸੇ ਨੇ ਕੀ ਕਰਨਾ, ਹਮ ਦਰਦ ਵੀ ਕੋਈ ਨਾ ਬਣਿਆ
ਮੈਂ ਜ਼ਖਮੀ ਜਜ਼ਬਾਤਾਂ ਦਾ, ਇੱਕ ਬੋਝ ਉਠਾਈ ਫਿਰਦਾ ਹਾਂ
ਮੈਂ ਬੁੱਲ੍ਹਾਂ ਦੀ .....-

ਗ਼ਜ਼ਲ



ਹਰਭਜਨ ਸਿੰਘ ਮਾਂਗਟ (ਸਰੀ ਬੀ.ਸੀ.)

ਦਾਨਿਆਂ ਦੀ ਰਾਏ ਨੂੰ ਸਤਿਕਾਰੀਏ
"ਰੇਤ ਦੇ ਵਿੱਚ ਕਿਸ਼ਤੀਆਂ ਨਾ ਤਾਰੀਏ"

ਜ਼ਿੰਦਗੀ ਜ਼ਿੰਦਾ ਦਿਲੀ ਦਾ ਨਾਮ ਹੈ,
ਹਾਰਕੇ ਵੀ ਦੋਸਤੋ ਨਾ ਹਾਰੀਏ।

ਪਰਬਤਾਂ ਨੂੰ ਪੈਰ ਹੇਠਾਂ ਮਸਲੀਏ,
ਨੀਤ ਆਪਣੇ ਦਿਲ ਚ ਧੱਕੀ ਧਾਰੀਏ
ਮੰਨਦੇ ਹਾਂ ਜ਼ਿੰਦਗੀ ਵਿੱਚ ਮੁਸ਼ਕਲਾਂ,
ਹੌਸਲਾ ਨਾ ਦੋਸਤੋ ਪਰ ਹਾਰੀਏ।

ਨਰਕ ਹੀ ਹੈ ਮਰਦ ਬਾਝੋਂ ਜ਼ਿੰਦਗੀ,
ਸੋਚ ਤੂੰ ਵੀ ਏਸ ਬਾਰੇ ਨਾਰੀਏ।
ਤਪਸ਼ ਵਿੱਚ ਨਾ ਬੀਤ ਜਾਵੇ ਜ਼ਿੰਦਗੀ,
ਆਕਿ ਇਸ ਨੂੰ ਠੰਡ ਵਿੱਚ ਵੀ ਠਾਰੀਏ।
"ਮਾਂਗਟਾ" ਤੂੰ ਬਹੁਤ ਮਿੰਤਾਂ ਕੀਤੀਆਂ,
ਖੁੱਲ੍ਹ ਵੀ ਜਾ ਜ਼ਿੰਦਗੀ ਦੀ ਬਾਰੀਏ।

ਗ਼ਜ਼ਲ

ਬੀਬੀ ਗੁਰਚਰਨ ਕੌਰ "ਕੋਚਰ"
(ਸਟੇਟ ਐਵਾਡੀ ਅਧਿਆਪਕਾ ਪੰਜਾਬ)

ਕੌਣ ਏਸ ਵਿੱਚ ਦੁੱਖ ਹੀ ਦੁੱਖ ਭਰ ਗਿਆ?
ਜ਼ਿੰਦਗੀ ਨੂੰ ਕੌਣ ਟੂਣਾ ਕਰ ਗਿਆ?
ਕੀ ਕਰੇਗਾ ਅੱਤ ਦੀ ਸਰਦੀ 'ਚ ਉਹ,
ਜਿਹੜਾ ਸਰਦੀ ਦੇ ਸ਼ੁਰੂ ਵਿੱਚ ਠਰ ਗਿਆ।
ਭਟਕਿਆ ਫਿਰਦਾ ਨਹੀਂ ਉਹ ਹਵਸ ਨੂੰ,
ਕਿਉਂਕਿ ਪਹਿਲੀ ਤੋਂ ਉਹਦਾ ਦਿਲ ਭਰ ਗਿਆ।
ਕੀ ਪਤਾ ਉਸਦੇ ਮਨ ਤੇ ਬੀਤਦੀ,
ਜਿੱਤਕੇ ਬਾਜ਼ੀ ਹੈ ਜਿਹੜਾ ਹਰ ਗਿਆ।
ਭਰਕੇ ਬੇੜਾ ਪਾਪ ਦਾ ਡੁੱਬਣਾ ਜ਼ਰੂਰ,
ਦੇਖਦੇ ਹਾ ਭਾਵੇਂ ਅੱਜ ਉਹ ਤਰ ਗਿਆ।

"ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ
ਕੋਈ ਕਰਦੀਆਂ ਗਲੜੀਆਂ"

ਪ੍ਰੀਤ ਗਰੁੱਪ ਔਫ ਐਬਟਸਫੋਰਡ ਅਤੇ *ਪੰਜਾਬੀ ਪੱਤ੍ਰਿਕਾ* ਪੇਸ਼ ਕਰਦੇ ਹਨ

"ਮਾਂਵਾਂ ਠੰਡੀਆਂ ਛਾਂਵਾਂ"

ਕਲਚਰਲ ਪ੍ਰੋਗਰਾਮ
ਦਿਨ ਐਤਵਾਰ, ਮਈ 28, 2000
ਮੈਟਸਕੀ ਸੈਂਨਟੈਨੀਅਲ ਔਡੀਟੋਰੀਅਮ ਵਿੱਚ (ਸਿਟੀ ਹਾਲ)
ਸ਼ੋਅ ਟਾਈਮ 2:00 ਵਜੇ
ਟਿਕਟਾਂ $10.00
ਬੱਚੇ 10 ਸਾਲ ਤੱਕ $ 5.00

ਪਹਿਲੀ ਵਾਰ 'ਮਦਰਜ਼ ਡੇਅ' ਸੈਲੀਬਰੇਸ਼ਨ ਹਾਲ ਵਿੱਚ ਹੋ ਰਹੀ ਹੈ। ਇਸ ਵਿੱਚ ਕੇਵਲ ਔਰਤਾਂ (ਭੈਣਾਂ, ਨਣਦਾਂ, ਭਰਜਾਈਆਂ) ਹੀ ਹਿੱਸਾ ਲੈਣਗੀਆਂ ਤੇ ਆਨੰਦ ਮਾਨਣਗੀਆਂ। ਇਸ ਵਿੱਚ ਸੁਮਨ ਬੂਟੀਕ ਵਲੋਂ ਫੈਸ਼ਨ ਸ਼ੋਅ ਤੇ ਹੋਰ ਕਈ ਤਰਾਂ ਦੇ ਸਟਾਲ ਜਿਵੇਂ ਕਿ ਜਿਉਲਰੀ, ਖਾਣੇ ਦੇ ਸਟਾਲ ਲਗਣਗੇ। ਹੋਰ ਜਾਣਕਾਰੀ ਲਈ ਕਮਲ ਗਿੱਲ ਜਾਂ ਪ੍ਰੀਤਮ ਸਿਧੂ ਨੂੰ ਫੋਨ ਕਰ ਸਕਦੇ ਹੋ।

ਟਿਕਟਾਂ ਹੇਠ ਲਿਖੇ ਨਾਵਾਂ ਤੋਂ ਪ੍ਰਾਪਤ ਕਰ ਸਕਦੇ ਹੋ:

FOOD & JEWELLERY STALL

ਸ਼ੀਨਾਂ ਵੀਡੀਓ	864 - 4999
ਲੱਕੀ ਵੀਡੀਓ	855 - 0111
ਗੁਰਦੀਪ ਵੀਡੀਓ	870 - 9575
ਗਰੋਵਰ ਵੀਡੀਓ	855 - 5250
ਹਨੀਜ ਗਰੋਸਰੀ	820 - 1591 (ਮਿਸ਼ਨ)
ਪ੍ਰੀਤਮ ਸਿੱਧੂ	852 - 1827
ਕਮਲ ਗਿੱਲ	807 - 3912
ਓਵਰਸੀਜ਼ ਫੈਬਰਿਕਸ	864 - 8100
ਸੁਮਨ ਬੂਟੀਕ	850-1376

LOTS OF DOOR PRIZES!!

The first ever, Mother's Day Celebration

Mawan, Thandian Shawan !!

(Organised by "Preet Group of Abbotsford" & Sponsored by *PUNJABI PATRIKA)*
at
Matsqui Centennial Auditorium, 32315, Sth. Fraser Way, Abbotsford
on
Sunday, May 28th 2000 at 2:00 pm

The first-ever Giddha performance by Mothers and Daughters is being held in Abbotsford at the above venue. (LADIES ONLY SHOW)
Fashion show by Suman Boutique
For further details, contact Kamal Gill at 853-0483 or Pritam Sidhu at 852-1827

Tickets: Adults -$10 / - Kids under 10 - $5

Tickets are available from the following:
Sheena Video. Gurdeep Video, Lucky Video, Grover Video,
Overseas Fabrics, & Honey's Grocery(Mission), Suman's Boutique

Punjabi Patrika

Publisher & Chief Editor
Andy Sidhu
Editor
Prof. H.S. Aulakh
Contributing Writers
Baljinder Aulakh
Chaman Lall Sukhi (India)
Gurcharn Kochar
Harbhajan Singh Mangat
Kernail Singh (Seattle)
Nirmal Singh Gill
Paramjit Mann
Pawan Gill
Prof. Gurvinder Singh Dhaliwal
Translations
P.S. Bhullar
Prof. H.S. Aulakh
Typist
Bhupinder Saini
Production & Graphics
Tehjay B. Fox
Hardeep Athwal
Dave Sidhu
E-Mail Address
punjabipatrika@telus.net
General Inquiries
Tel: (604) 852-2288
Fax: (604) 852-1878
Mailing Address
1481 Tracey Street
Abbotsford, B.C.
V2T 6G4
Circulation
Dave Sidhu
J.T. Pangli
Mandy Gill
Ronnie Sidhu
Tiny Brian Dhaliwal
Published Biweekly

All advertising and articles in the Punjabi Patrika is subject to the Publisher's approval and the advertiser agrees to indemnify the publisher against claims arising from publication of any advertising submitted by the advertiser.

KHALSA CREDIT UNION
ਖਾਲਸਾ ਕਰੈਡਿਟ ਯੂਨੀਅਨ ਦੀਆਂ ਚੋਣਾ

ELECTION OF THREE (3) DIRECTORS on Sunday , June 4, 2000

HARDIAL SINGH JOHAL
ਹਰਦਿਆਲ ਸਿੰਘ ਜੋਹਲ

ਹਰਦਿਆਲ ਸਿੰਘ ਜੋਹਲ, ਖਾਲਸਾ ਕਰੈਡਿਟ ਯੂਨੀਅਨ ਦੇ 51 ਫਾਊਂਡਰ ਮੈਂਬਰਾਂ ਵਿਚੋਂ ਹਨ। ਆਪ ਜੀ ਨੇ ਗੁਰੂ ਨਾਨਕ ਇੰਜਨੀਰਿੰਗ ਕਾਲਜ ਲੁਧਿਆਣਾ, ਤੋਂ ਸਿਵਲ ਇੰਜਨੀਰਿੰਗ ਦਾ ਡਿਪਲੋਮਾ ਹਾਸਲ ਕੀਤਾ ਅਤੇ ਵੈਨਕੂਵਰ ਸਕੂਲ ਬੋਰਡ ਵਿਚ ਬਤੌਰ ਬਿਲਡਿੰਗ ਇੰਜਨੀਅਰ ਕੰਮ ਕਰ ਰਹੇ ਹਨ। ਆਪ ਧਾਰਮਿਕ ਅਤੇ ਸਮਾਜ ਭਲਾਈ ਦੀਆਂ ਸੇਵਾਵਾਂ ਲਈ ਤੱਤਪਰ ਰਹੇ ਹਨ। ਆਪ ਨੇ 1975 ਤੋਂ 1978 ਤਕ "ਸਿੱਖ ਸਮਾਚਾਰ" ਪੇਪਰ ਵਿਚ ਬਤੌਰ ਐਡੀਟਰ ਸੇਵਾ ਕੀਤੀ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਿਖੇ ਬਤੌਰ ਖਜ਼ਾਨਚੀ ਅਤੇ ਫਿਰ ਬਤੌਰ ਪ੍ਰਧਾਨ ਦੇ ਸੇਵਾ ਕੀਤੀ, ਖਾਲਸਾ ਸਕੂਲ ਵੈਨਕੂਵਰ 1986 ਵਿਚ ਖੋਲ ਕੇ ਕਾਮਯਾਬ ਕਰਨ ਵਾਲੇ ਮੁੱਢਲੇ ਮੈਂਬਰਾਂ ਵਿਚੋਂ ਹਨ।

ਆਪ ਸਿੱਖ ਕਿਮਿਊਨਿਟੀ ਤੋਂ ਬਾਹਰ ਭੀ (ਡਾਇਰੈਕਟਰ ਵਰਕਿੰਗ ਅਪਰਟੂਨਿਟੀ ਫੰਡ, ਡਾਇਰੈਕਟਰ ਕੌਲਿਜ਼ ਆਫ ਨਰਸਿੰਗ, ਸਲਾਹਕਾਰ ਕਮੇਟੀ ਮੈਂਬਰ ਵੈਨਕੂਵਰ ਸਿਟੀਹਾਲ, ਖਜ਼ਾਨਚੀ ਓਪਰੇਟਿੰਗ ਇੰਜਨੀਅਰਜ਼ ਯੂਨੀਅਨ) ਜੁਮੇਵਾਰੀ ਵਾਲੀਆਂ ਪੋਜੀਸ਼ਨਾ ਉਪਰ ਸੇਵਾ ਕਰਕੇ ਸਿੱਖਾਂ ਦਾ ਨਾਮ ਉਚਾ ਕਰਨ ਲਈ ਉਪਰਾਲੇ ਕਰ ਚੁਕੇ ਹਨ। ਆਪ ਪਾਸ ਨਿਯਮਾਂ ਵਿਚ ਰਹਿ ਕੇ ਸੁਚੱਜੇ ਪ੍ਰਬੰਧ ਕਰਨ ਦਾ ਤਜਰਬਾ ਹੈ।

ਖਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰ ਬਣਨ ਉਪਰੰਤ, ਆਪ ਨਿਯਮਾਂ ਅਨੁਸਾਰ ਸਾਫ ਅਤੇ ਸੁਚੱਜਾ ਪ੍ਰਬੰਧ ਕਰਵਾਉਣ, ਸਭ ਮੈਂਬਰਾਂ ਨੂੰ ਬਰਾਬਰ ਦੀ ਅਤੇ ਚੰਗੀ ਸਰਵਿਸ ਦਿਵਾਉਣ, ਬੱਚਤ ਦੀ ਸੰਭਾਲ ਅਤੇ ਯੋਗ ਵਰਤੋਂ ਕਰਵਾਉਣ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਉਚੀ ਵਿਦਿਆ ਦੇਣ ਵਿਚ ਮੱਦਦ ਕਰਨ ਲਈ ਬਚਨਬੱਧ ਹਨ।

ਕਿਰਪਾ ਕਰ ਕੇ ਇਸ ਵਾਰ ਤਿੰਨਾਂ ਵਿਚੋਂ ਆਪਣਾ ਇਕ ਕੀਮਤੀ ਵੋਟ ਭਾਈ ਹਰਦਿਆਲ ਸਿੰਘ ਜੋਹਲ ਨੂੰ ਪਾ ਕੇ ਕਾਮਯਾਬ ਕਰੋ ਜੀ।

ਜ਼ਰੂਰੀ ਬੇਨਤੀਆਂ

ਵੋਟ ਪਾਉਣ ਆਉਣ ਸਮੇਂ ਆਪਣੇ ਨਾਲ ਆਪਣੇ ਅਕਾਊਂਟ ਦੀ ਪਾਸ-ਬੁਕ ਜਾਂ ਬੈਂਕ ਸਟੇਟਮੈਂਟ ਜ਼ਰੂਰ ਲੈ ਕੇ ਆਉਣੀ ਜੀ ਆਪਣੇ ਨਾਲ ਆਪਣੀ ਫੋਟੋ ਵਾਲੀ ਇੱਕ ਆਈ. ਡੀ. ਜ਼ਰੂਰ ਲੈ ਕੇ ਆਉਣੀ ਜੀ।

Please bring a picture I. D. and your statement of account or passbook.

ELECTION OF THREE DIRECTORS on Sunday, June 4, 2000
AT ALL FIVE (5) BRANCHS OF THE KHALSA CREDIT UNION
From 10:00 AM to 5:00 PM

ਆਉਣ ਵਾਲੇ ਸਮੇਂ ਵਿੱਚ ਬਹੁਤ ਤਬਦੀਲੀਆਂ ਦੇਖੋਗੇ - ਦੁਸਾਂਝ

ਐਬਟਸਫੋਰਡ ਵਿਖੇ 13 ਮਈ ਨੂੰ ਇੰਡੋ ਕਨੇਡੀਅਨ ਭਾਈਚਾਰੇ ਦੀ ਭਰਵੀਂ ਮੀਟਿੰਗ ਹੋਈ। ਮੀਟਿੰਗ ਵਿੱਚ ਬੀ.ਸੀ ਦੇ ਪ੍ਰੀਮੀਅਰ ਮਾਨਯੋਗ ਉਜਲ ਦੁਸਾਂਝ ਨੇ ਤਕਰੀਰ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਦੇਖੋਗੇ। ਮੀਟਿੰਗ ਵਿੱਚ ਫਾਰਮਰਾਂ ਦੀਆਂ ਸਮੱਸਿਆਵਾਂ ਤੇ ਵਿਚਾਰ ਕੀਤਾ ਗਿਆ ਤੇ ਸੁਝਾਅ ਦਿਤਾ ਗਿਆ ਕਿ ਫਾਰਮਰ ਇਕੱਠੇ ਹੋ ਕੇ ਆਪਣੀਆਂ ਸਮੱਸਿਆਵਾਂ ਸਰਕਾਰ ਅੱਗੇ ਪੇਸ਼ ਕਰਨ। ਇਸ ਤੋਂ ਬਿਨਾਂ ਵਰਕਰਾਂ ਦੀਆਂ ਸਮਸਿਆਵਾਂ ਵੀ ਵਿਚਾਰੀਆਂ ਗਈਆਂ। ਚਾਰ ਜੂਨ ਨੂੰ ਵੈਨਕੂਵਰ ਵਿਚ ਹੋ ਰਹੇ ਫੰਡ ਰੇਜ਼ਿੰਗ ਡਿੱਨਰ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਜਿਸ ਦਾ ਇੰਡੋ ਕਨੇਡੀਅਨ ਭਾਈਚਾਰੇ ਨੇ ਭਰਵਾ ਹੁੰਗਾਰਾ ਦਿਤਾ। ਲੋਕ ਵਿਰਸਾ ਦੇ ਪ੍ਰਧਾਨ ਸ਼ਾਤੀ ਸਰੂਪ ਨੇ ਮੀਟਿੰਗ ਵਿੱਚ ਆਏ ਮਹਿਮਾਨਾਂ ਦਾ ਸੁਆਗਤ ਕੀਤਾ। ਐਬਟਸਫੋਰਡ ਦੇ ਐਨ.ਡੀ.ਪੀ ਦੇ ਪ੍ਰਧਾਨ ਤਰਨਜੀਤ ਪੁਰੇਵਾਲ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ।

From Page 19

